# ਸੂਹਾ ਗੁਲਾਬ

(ਕਾਵਿ-ਸੰਗ੍ਰਹਿ)

ਕੁਲਵੰਤ ਜਗਰਾਉਂ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

## ਹਰ.ਫਾਂ ਦੀ ਸ਼ੀਸ਼ੇ


ਕਦੀ ਤਾਂ ਪਾਸ ਆ ਮੇਰੇ..................317
ਕੁਝ ਪਲ ਤਾਂ ਮੇਰਾ ਬਣ ਬਹਿ ਜਾ.......318
ਪੱਥਰਾਂ ਵਿਚ ਵਹੇ .......................319
ਸੌ ਵਾਰੀ ਨ੍ਹੇਰੀ ਨੇ ਢਾਹੇ..................320
ਦਿਲੇ ਦਾ ਰਾਜ਼ ਐਸਾ ਹੈ.................321
ਤੇਰੇ ਨੈਣਾਂ 'ਚੋਂ ਮੋਹ ਦਾ ਜਾਮ............322
ਜਦ ਵੀ ਨੈਣ ਮਿਲਾਉਂਦੇ ਹੋ............323
ਮਿਲਿਆ ਹੈ ਫੇਰ ਕੋਈ ............324
ਅਸੀਂ ਜੋ ਪਿਆਰ ਕਰ ਬੈਠੇ.............325
ਮੈਨੂੰ ਤੂੰ ਮੇਰੇ ਪਿਆਰ ਦੀ................326
ਚਿਹਰੇ ਤੇ ਮੁਸਕਾਨ ਸਜਾਈ............327
ਤੂੰ ਇਕੱਲੀ ਕਿਸ ਤਰ੍ਹਾਂ .............328
ਮੋਹ ਬਿਨਾਂ ਜੀਵਨ ਜਿਵੇਂ...............329
ਜ਼ਿੰਦਗੀ ਦੀ ਸ਼ਾਮ ਤਨਹਾ..............330
ਪਾਸ ਆਇਆ ਹੈਂ ਤਾਂ ਹੁਣ.............331
ਪਿਆਰ ਐਨਾ ਜਤਾ ਗਿਆ ਕੋਈ...332
ਆਪਣੇ ਵਾਲਾਂ 'ਚ ਜਦ ਉਹ..........333
ਆਸਾਂ ਦੇ ਦੀਵਿਆਂ ਨੂੰ.................334
ਆਪਣੇ ਪਰਛਾਂਵਿਆਂ ਤੋਂ .............335
ਬੈਠ ਕੇ ਕੰਢੇ ਤੇ ਜੋ.......................336
ਸਾਡੇ ਵਿਚ ਜੋ ਦੂਰੀ ਹੈ .............337
ਬਾਜ਼ੀ ਇਸ਼ਕੇ ਦੀ.......................338
ਕਿਸ ਨੂੰ ਦਿਲ ਦਾ ਦਰਦ ਸੁਣਾਈਏ...339
ਬੇਦਰਦੀ ਨੂੰ ਮੀਤ ਬਣਾ ਕੇ............340
ਜੋ ਬਿਰਹੋਂ ਨੇ ਜਾਈਆਂ ਪੀੜਾਂ........341
ਤੇਰਾ ਜੋਬਨ ਚੜ੍ਹਦਾ ਸੂਰਜ............342
ਮੈਂ ਨੈਣਾਂ ਦੇ ਸਾਗਰ....................343
ਮੈਂ ਆਪਣੇ ਕੁਝ ਗੀਤ ਸੁਣਾ ਕੇ........344
ਜ਼ਖ਼ਮਾਂ ਨੂੰ ਅਸੀਂ ਜਦ ਵੀ ਕਦੀ.......345
ਆਏ ਹੋ ਆ ਕੇ ਜਾਣ ਦੀ.............346
ਸਾਡੇ ਨਾਲ ਚਾਹੇ ਫੁੱਲਾਂ ਨਾ............347
ਅਸੀਂ ਜਿਨ੍ਹਾਂ ਨੂੰ ਹਾਂ ਪੂਜਦੇ.............348
ਜਲਵਾ ਹੁਸਨ ਦਾ.......................349
ਤੂੰ ਜਦ ਫੇਰਾ ਪਾਇਆ .............350
ਸਭ ਕੁਝ ਵੀ ਦੇ ਕੇ ਨਜ਼ਰਾਨਾ..........351
ਦਿਖਾ ਕੇ ਇਕ ਝਲਕ ਨੂਰੀ.............352
ਵੇਖੇ ਨੇ ਮੈਂ ਲੱਖਾਂ ਫੁੱਲ...................353
ਪੌਣਾਂ ਵਿਚ ਹਟਕੋਰੇ ਨੇ..................354
ਕੌਣ ਕਹਿੰਦਾ ਹੈ ਕਿ ਮੈਨੂੰ................355
ਜਿਸ ਤੋਂ ਮਿਲੇ ਨੇ ਹੌਕੇ .............356
ਪਾਰੇ ਦੇ ਵਾਂਗ ਤੜਪਾਂ .............357
ਗ਼ੋਰੇ ਮੁੱਖ 'ਤੋਂ..........................358
ਆਖ਼ਿਰ ਦਿਲਾ ਸੀ ਮਿਲਣਾ............359
ਹਰ ਪਲ ਕਿਵੇਂ ਹੈ ਬੀਤਦਾ............360
ਦੂਰੋਂ ਹੀ ਦੂਰੋਂ ਵੇਖ......................361
ਤੂੰ ਜਦੋਂ ਸੀ ਮੁਸਕਰਾ ਕੇ ਵੇਖਿਆ.......362
ਤੇਰੇ ਗ਼ਮ ਵਿਚ........................363
ਮੁਕਦੀ ਜਾਂਦੀ ਹੈ ਬਾਤ .............364
ਦਿਲਦਾਰ ਬਣ ਕੇ......................365
ਲਾ ਟਿੱਕਾ ਮੱਥੇ ਸੂਰਜ ਦਾ...............366
ਤੇਰੇ ਬਿਰਹੋਂ ਸੀਨੇ ਦੇ ਵਿਚ.............367
ਹਾਵੇ ਹੌਕੇ ਤੇ ਹੰਝੂਆਂ ਦੀ...............368

ਤੇਰੇ ਬਿਨਾ ਮਹਿਫ਼ਿਲ ਨਿਰੀ............369
ਆਇਉਂ ਤੇ ਆ ਕੇ ਤੁਰ ਗਿਉਂ.........370
ਗ਼ਮ ਖਾ ਕੇ ਹਿਜਰ ਦਾ ਹੁਣ............371
ਜਿੰਦ ਜਦ ਬਿਰਹੋਂ ਸਤਾਈ.............372
ਉਸ ਦੀ ਨਜ਼ਰ ਦਾ ਜੇਕਰ..............373
ਚਾਨਣ ਮਿਲੇ ਜੇ ਪਿਆਰ ਦਾ...........374
ਵੇਲਾ ਹੈ ਲੰਘਦਾ ਜਾ ਰਿਹਾ............375
ਜੋ ਸਨ ਵਾਂਗ ਅੰਗੂਰੀ ਦਿਸਦੇ..........376
ਰੱਖਿਆ ਅਸਾਂ ਸੀ ਦਿਲ................377
ਆ ਕੇ ਤੇਰੀ ਮਾਂਗ ਵਿਚ...............378


## ਪੰਜਾਬ ਸੰਤਾਪ ਦੌਰਾਨ ਲਿਖੀਆਂ ਗ਼ਜ਼ਲਾਂ


ਕਿਸ ਤਰ੍ਹਾਂ ਪੀੜ ਸੁਲਾਵਾਂ..............379
ਲੈ ਗਈ ਸਾਂਝਾ ਚੁਰਾ ਕੇ.................380
ਕਦੀ ਅੱਗ ਸਾੜ ਦਿਤੇ.................381
ਹਰ ਰੁੱਖ ਦੇ ਨੇ ਟਾਹਣ ਟੁੱਟੇ.............382
ਜੰਗਲ ਦੀ ਅੱਗ ਫੈਲ ਰਹੀ ਏ..........383
ਰੋਜ਼ ਟੁੱਟਦੇ ਨੇ ਚੂੜੇ.....................384
ਪਾਣੀ ਕਿਤੋਂ ਲਿਆਓ..................385
ਦਨਦਨਾਉਂਦੇ ਕਾਤਿਲਾਂ ਤੋਂ ...........386
ਜੇ ਨਾ ਫਿਰਕੂ ਜਨੂੰ ਦੀ..............387


## ਕੁਝ ਹੋਰ ਗ਼ਜ਼ਲਾਂ


ਤਾਰਿਆਂ ਦੀ ਬਾਤ ਪਾਈਏ.........388
ਸਾਂਝ ਜਿਨਾ ਦੀ ਸਦੀਵੀ ਹੈ.........389
ਆਪਣੇ ਹੀ ਘਰ 'ਚ ਆਇਆ......390
ਰਾਹ ਪੌਣਾਂ ਦਾ ......................391
ਚੰਨ ਸੂਰਜ ਤਾਰਿਆਂ ਦੀ............392
ਸੁੱਤੇ ਲੋਕ ਜਗਾਉਂਦਾ ਜਾ...........393
ਪਾਪ ਦਾ ਜੋ ਵੀ ਬੇੜਾ ਹੈ............394
ਚਲੋ ਚਲੀਏ ਨਹੀਂ ਰੁਕਣਾ...........395
ਹਿੰਦੂ ਸਿੱਖ ਮੁਸਲਮਾਂ ਦਾ.............396
ਤੋੜੀ ਜਰਮਨ ਵਾਲਿਆਂ............397
ਕੀ ਹੋਇਆ ਜੇ ਛਾਇਆ...........398
ਆਪਣੇ ਰਾਹਾਂ 'ਚੋਂ ਮਿਲ ਕੰਡੇ........399
ਉਹ ਕਿ ਜਿਸ ਨੂੰ ਪਾਣ ਦੀ..........400
ਸਰਨਾ ਨਹੀਂ ਤਕਦੀਰ ਨੂੰ............401
ਸ਼ਹੀਦ ਦੀ ਚਿਤਾ 'ਚੋਂ ............402
ਛੱਡੇ ਨੇ ਕਿੰਨੇ ਬਾਜ਼ ਵੀ.............403
ਹੋਰਾਂ ਦੇ ਗਲ 'ਤੇ ਜੋ ਛੁਰੀ...........404
ਜਿੰਨਾਂ ਚਿਰ ਸੂਰਜ ਚੜ੍ਹਦਾ ਨਈਂ.....405
ਤੁਰਦੇ ਜਾਂਦੇ ਹਾਂ ਖ਼ਾਰਾਂ 'ਤੇ..........406
ਵੀਰਾਨਿਆਂ ਨੂੰ ਵੀ ਮੈਂ ............407
ਕੀਤੀ ਹੈ ਅਸੀਂ ਜਦ ਵੀ...........408
ਮਹਿਲਾਂ ਤਕ ਹੀ ਰਹਿ ਜਾਂਦਾ ਹੈ.....409
ਦੀਵੇ ਬਲਦੇ ਰਹੇ.....................410
ਭਾਵੇਂ ਭੁੱਖਾਂ ਮਾਰੇ ਲੋਕ...............411
ਝੱਖੜਾਂ ਨੇ ਜਦ ਵੀ.................412
ਮੈਂ ਜੀ ਰਿਹਾ ਹਾਂ ਯਾਰੋ ............413
ਮਹਿਗਾਈ ਦਾ ਦੈਂਤ ਵਜਾਉਂਦਾ......414
ਰੁੱਤ ਲੰਘ ਜਾਵੇ ਨਾ ਇਹ............415
ਤੁਸੀ ਵਾਪਸ ਤਾਂ ਆਓਗੇ............416

ਕਰਦੇ ਨੇ ਜੋ ਕਰਦਾਂ ਦੀ ਗੱਲ..........417
ਧੰਨਵਾਨਾਂ ਦੇ ਸੋਹਲੇ..................418
ਕੁਝ ਸ਼ਿਅਰ..........................419

ਪ੍ਰੋ. ਮੋਹਨ ਸਿੰਘ.......................421
ਜਸਵੰਤ ਸਿੰਘ ਕੰਵਲ................421
ਸੁਤਿੰਦਰ ਸਿੰਘ ਨੂਰ...................422
ਸੁਰਜੀਤ ਪਾਤਰ.....................423
N.S. Tasneem....................424

# ਹਰਫ਼ਾਂ ਦੇ ਸ਼ੀਸ਼ੇ

□

ਕਦੀ ਤਾਂ ਪਾਸ ਆ ਮੇਰੇ, ਤੂੰ ਮੇਰੀ ਜ਼ਿੰਦਗੀ ਬਣ ਕੇ।
ਕਦੀ ਪ੍ਰਭਾਤ ਬਣ ਕੇ ਆ, ਕਦੀ ਆ ਚਾਨਣੀ ਬਣ ਕੇ।

ਇਹ ਮਿਲਣਾ ਵੀ ਹੈ ਕੀ ਮਿਲਣਾ, ਪਰਾਇਆਂ ਵਾਂਗ ਹਰ ਵਾਰੀ,
ਜੇ ਮਿਲਣਾ ਹੈ ਤਾਂ ਮਿਲ ਮੈਨੂੰ, ਤੂੰ ਮੇਰੀ ਆਪਣੀ ਬਣ ਕੇ।

ਜੇ ਚਲਣੈ ਸਾਥ ਚਲ ਮੇਰੇ, ਤੂੰ ਖ਼ੁਸ਼ਬੂ ਹਮਸਫਰ ਬਣ ਕੇ
ਨਾ ਐਵੇਂ ਸਾਥ ਚਲ ਮੇਰੇ, ਤੂੰ ਗੁੰਮ ਸੁੰਮ ਅਜਨਬੀ ਬਣ ਕੇ।

ਹਨੇਰਾ ਹੈ ਉਦਾਸੀ ਹੈ, ਤੇ ਮੌਸਮ ਸੀਤ ਤਨਹਾਈ
ਕਦੋਂ ਆਵੇਂਗੀ ਲੈ ਕੇ ਨਿੱਘ, ਮੋਹ ਤੂੰ ਰੌਸ਼ਨੀ ਬਣ ਕੇ।

ਕਦੀ ਬਣ ਪੀਂਘ ਸਤਰੰਗੀ, ਮੇਰੇ ਮਨ ਦੇ ਵੀ ਅੰਬਰ ਤੇ
ਕਦੀ ਰਾਤਾਂ ਨੂੰ ਰੁਸ਼ਨਾ ਦੇ, ਤੂੰ ਦੀਪਾਂ ਦੀ ਲੜੀ ਬਣ ਕੇ।

ਕਦੀ ਕਿਣ ਮਿਣ ਜਗਾ ਆਸਾਂ, ਕਦੀ ਇਕ ਛਿੱਟ ਵੀ ਨਾ ਪਾਵੇਂ
ਕਦੀ ਤਾਂ ਖੁਲ੍ਹ ਕੇ ਵਰ੍ਹ ਜਾ, ਤੂੰ ਸਾਵਣ ਦੀ ਝੜੀ ਬਣ ਕੇ।

ਅਨੂਠੇ ਪਿਆਰ ਦੇ ਗੀਤਾਂ ਦਾ, ਮੁੜ ਚਸ਼ਮਾਂ ਮੈਂ ਬਣ ਜਾਵਾਂ
ਮੇਰੇ ਹੋਠਾਂ ਤੇ ਲਗ ਜਾਵੇਂ, ਜੇ ਮੋਹ ਦੀ ਬੰਸਰੀ ਬਣ ਕੇ।

ਜਗਾਵੇ ਦਰਦ ਜੋ ਦਿਲ ਦਾ, ਮਿਟਾਵੇ ਦਰਦ ਜੋ ਦਿਲ ਦਾ
ਮੇਰੇ ਗੀਤਾਂ 'ਚ ਆ ਘੁੱਲ ਜਾ, ਮਧੁਰ ਉਹ ਰਾਗਣੀ ਬਣ ਕੇ।

ਬਿਨਾਂ ਤੇਰੇ ਨਹੀਂ ਬੁੱਝਣੀ, ਇਹ ਮੇਰੀ ਪਿਆਸ ਜਨਮਾਂ ਦੀ
ਪਿਆਸਾ ਥਲ ਹਾਂ ਮਿਲ ਮੈਨੂੰ, ਮੇਰੀ ਚਾਹਤ ਨਦੀ ਬਣ ਕੇ।

□

ਕੁਝ ਪਲ ਤਾਂ ਮੇਰਾ ਬਣ ਬਹਿ ਜਾ।
ਦਿਲ ਦੀ ਸੁਣ ਜਾ ਦਿਲ ਦੀ ਕਹਿ ਜਾ।

ਅਣ ਮੁੱਲੇ ਜੇ ਮੋਤੀ ਚਾਹੁਣੈਂ
ਮਨ ਦੇ ਗਹਿਰੇ ਸਾਗਰ ਲਹਿ ਜਾ।

ਪਰਬਤ ਬਣ ਕੇ ਤੂੰ ਕੀ ਲੈਣੈਂ
ਚਸ਼ਮਾਂ ਬਣ ਦਰਿਆ ਬਣ ਵਹਿ ਜਾ।

ਧਰਤੀ ਅੰਬਰ ਗਾਹੁੰਦਾ ਫਿਰਦੈਂ
ਕੁਝ ਤਾਂ ਆਪਣੇ ਸੰਗ ਵੀ ਰਹਿ ਜਾ।

ਜੋ ਦਿਲਬਰ ਨੂੰ ਆਖ ਸਕੇਂ ਨਾ
ਚੁੱਪ ਰਹਿ ਉਹ ਨਜ਼ਰਾਂ 'ਚੋਂ ਕਹਿ ਜਾ।

ਫੁੱਲ ਵਰਗਾ ਮਹਿਰਮ ਜੇ ਪਾਉਣੈਂ
ਕੰਡਿਆਂ ਦੀ ਤੂੰ ਪੀੜਾ ਸਹਿ ਜਾ।

ਸਰਘੀ ਦੀ ਛੱਡ ਆਸ ਕਦੀ ਨਾ
ਜੇਰਾ ਕਰ ਨ੍ਹੇਰੇ ਸੰਗ ਖਹਿ ਜਾ।

ਹਰ ਜਾਬਰ ਦੇ ਸਾਹਵੇਂ ਤਣ ਜਾ
ਕਮਜ਼ੋਰਾਂ ਤੋਂ ਬੇਸ਼ਕ ਢਹਿ ਜਾ।

ਪੱਥਰਾਂ ਵਿਚ ਵਹੇ ਇਕ ਨਦੀ ਸਾਂਵਲੀ।
ਦਰਦ ਦਿਲ ਦਾ ਕਹੇ ਇਕ ਨਦੀ ਸਾਂਵਲੀ।

ਪੀੜ ਜ਼ਖ਼ਮਾਂ ਦੀ, ਮਿਹਣੇ ਤੇ ਇਲਜ਼ਾਮ ਸਹਿ
ਗ਼ਮ ਦੇ ਸਾਗਰ ਲਹੇ ਇਕ ਨਦੀ ਸਾਂਵਲੀ।

ਮੈਂ ਜਦੋਂ ਵੀ ਲਿਖਾਂ ਗੀਤ ਕੋਈ ਗ਼ਜ਼ਲ
ਮਨ 'ਚ ਮੇਰੇ ਰਹੇ ਇਕ ਨਦੀ ਸਾਂਵਲੀ।

ਹੌਕਿਆਂ ਨੂੰ ਦਬਾ ਹੰਝੂਆਂ ਨੂੰ ਛੁਪਾ
ਹਰ ਸਿਤਮ ਨਿੱਤ ਸਹੇ ਇਕ ਨਦੀ ਸਾਂਵਲੀ।

ਜਾਣਦੇ ਹੋਏ ਵੀ ਬਣ ਕੇ ਅਣਜਾਣ ਹੀ
ਕੁਝ ਨਾ ਬੋਲੇ ਕਹੇ ਇਕ ਨਦੀ ਸਾਂਵਲੀ।

ਦਿਲ 'ਚ ਮੇਰੇ ਉਹ ਹਰ ਵਾਰ ਜਾਵੇ ਉਤਰ
ਪਾਸ ਜਦ ਵੀ ਬਹੇ ਇਕ ਨਦੀ ਸਾਂਵਲੀ।

ਕਾਸ਼ ਸਮਝੇ ਉਹ ਜੋ ਉਸ ਨੂੰ ਕਹਿ ਨਾ ਸਕਾਂ
ਬਣ ਕੇ ਮੇਰੀ ਰਹੇ ਇਕ ਨਦੀ ਸਾਂਵਲੀ।

ਸੌ ਵਾਰੀ ਨ੍ਹੇਰੀ ਨੇ ਢਾਹੇ, ਮਹਿਲ ਉਸਾਰੇ ਚਾਵਾਂ ਨਾਲ।
ਪਰ ਨਾ ਦਿਲ ਦਾ ਰਿਸ਼ਤਾ ਟੁੱਟਿਆ, ਕੁਝ ਨਾਵਾਂ ਕੁਝ ਥਾਵਾਂ ਨਾਲ।

ਬੇੜੀ ਪੱਤਣ ਭਰੀ ਨਦੀ ਤੇ, ਆਵੇ ਖ਼ੌਫ਼ ਮਲਾਹਾਂ ਤੋਂ
ਹੰਝੂਆਂ ਦੀ ਮੈਂ ਸਾਂਝ ਹੈ ਪਾਈ, ਰੇਤ ਬਣੇ ਦਰਿਆਵਾਂ ਨਾਲ।

ਐਵੇਂ ਕਾਹਤੋਂ ਝੂਰੇਂ ਜਿੰਦੇ, ਛੱਡ ਕੇ ਤੁਰ ਗਏ ਸੱਜਣਾਂ ਤੇ
ਕਿੰਨਾਂ ਕੁ ਚਿਰ ਜੁੜ ਸਕਦਾ ਹੈ, ਰਾਹੀ ਕੋਈ ਸਰਾਵਾਂ ਨਾਲ।

ਜੀਵਨ ਦੁੱਖ ਸੁੱਖ ਲੁੱਕਣ ਮੀਟੀ, ਖੇਡ ਸਕੇਂ ਤਾਂ ਹੱਸ ਕੇ ਖੇਡ
ਖੇੜੇ ਖ਼ੁਸ਼ਬੂ ਵੰਡਦਾ ਜਾ ਤੂੰ, ਰਹਿ ਕੇ ਧੁੱਪਾਂ ਛਾਵਾਂ ਨਾਲ।

ਬਿਜਲੀ ਵਰਗੇ ਨੈਣ ਲਿਸ਼ਕਦੇ, ਚੰਨ ਮੁੱਖੜਾ ਛਾਂ ਜ਼ੁਲਫਾਂ ਦੀ
ਮੁੜ ਮੁੜ ਕੇ ਹਨ ਚੇਤੇ ਆਉਂਦੇ, ਸਭ ਘਣਘੋਰ ਘਟਾਵਾਂ ਨਾਲ।

ਐਸੇ ਵਿਛੜੇ ਫੇਰ ਮਿਲੇ ਨਾ, ਨਾਂਹ ਪਰਦੇਸੋਂ ਚਿੱਠੀ ਪਾਈ
ਕਹਿੰਦੇ ਸੀ ਜੋ ਤੋੜ ਨਿਭਾਵਾਂਗੇ ਆਖਿਰ ਤਕ ਸਾਹਵਾਂ ਨਾਲ।

ਕੀ ਜਾਣਾ ਪੈ ਜਾਵੇ ਕਿੱਥੇ, ਕਿਸ ਪਲ ਲੋੜ ਸ਼ਨਾਖ਼ਤ ਦੀ
ਹਰ ਵੇਲੇ ਹੁਣ ਜੇਬ 'ਚ ਰਖਾਂ, ਮੈਂ ਆਪਣਾ ਸਿਰਨਾਵਾਂ ਨਾਲ।

ਸਾਰੇ ਰਿਸ਼ਤੇ ਰਹਿਣ ਸਲਾਮਤ, ਸਭ ਦੀ ਆਪੋ ਆਪਣੀ ਥਾਂ
ਘਰ ਵਿਚ ਸੁੱਚਾ ਨਿੱਘ ਤੇ ਮੋਹ, ਹੁੰਦਾ ਹੈ ਪਰ ਮਾਂਵਾਂ ਨਾਲ।

ਖੁਸ਼ਬੂ ਸੰਦਲੀ, ਛੁਹ ਮਖ਼ਮਲੀ, ਮਿੱਠਾ ਨਿੱਘਾ ਉਸ ਦਾ ਮੋਹ
ਕਿੰਨਾਂ ਕੁਝ 'ਕੁਲਵੰਤ' ਸਮੋਈ, ਫਿਰਦਾ ਹੈ ਜਗਰਾਵਾਂ ਨਾਲ।

□

ਦਿਲੇ ਦਾ ਰਾਜ਼ ਐਸਾ ਹੈ ਨਾਂਹ ਹੁਣ ਕਿਧਰੇ ਛੁਪਾ ਹੋਵੇ।
ਛੁਪਾ ਜੋ ਰਾਜ਼ ਨਾਂਹ ਹੋਵੇ ਨਾਂਹ ਉਹ ਕਿਧਰੇ ਬਤਾ ਹੋਵੇ।

ਅਸਾਨੂੰ ਰੋਗ ਜਿਸ ਲਾਇਐ ਹਟਾ ਸਕਦਾ ਹੈ ਬਸ ਓਹੀ
ਬਿਨਾਂ ਉਸ ਦੇ ਕਿਸੇ ਕੋਲੋਂ ਕਿਵੇਂ ਸਾਡੀ ਦਵਾ ਹੋਵੇ।

ਜਦੋਂ ਉਹ ਪਾਸ ਨਾਂਹ ਹੋਵੇ ਬੜਾ ਕੁਝ ਆਖੀਏ ਉਸ ਨੂੰ
ਜਦੋਂ ਪਰ ਪਾਸ ਉਹ ਹੋਵੇ ਨਾਂਹ ਕੁਝ ਉਸ ਨੂੰ ਸੁਣਾ ਹੋਵੇ।

ਗਿਲੇ ਸ਼ਿਕਵੇ ਓਹਦਾ ਰੋਸਾ ਅਸੀਂ ਹੱਸ ਕੇ ਹਾਂ ਜਰ ਲੈਂਦੇ
ਨਾ ਪਰ ਉਸ ਦੇ ਵਿਛੋੜੇ ਦੀ ਜਰ ਸਾਥੋਂ ਸਜ਼ਾ ਹੋਵੇ।

ਮਿਲੇ ਹੰਝੂ ਨੇ ਜਿਸ ਕੋਲੋਂ ਹਜ਼ਾਰਾਂ ਗਮ ਬਿਰ੍ਹੋਂ ਪੀੜਾਂ
ਦੁਆ ਓਸੇ ਲੀ ਮੰਗਦੇ ਹਾਂ ਸਦਾ ਉਸ ਦਾ ਭਲਾ ਹੋਵੇ।

ਇਲਮ ਬੇਕਾਰ ਹੈ ਸਾਡਾ ਸਿਆਣਪ ਕੰਮ ਨਹੀਂ ਆਉਂਦੀ
ਜਦੋਂ ਦਿਲਦਾਰ ਰੁੱਸ ਜਾਵੇ ਨਾਂਹ ਉਹ ਸਾਥੋਂ ਮਨਾਅ ਹੋਵੇ।

ਗ਼ਜ਼ਲ ਕੁਲਵੰਤ ਛੇੜੀ ਹੈ ਸੁਣਾਇਆ ਦਰਦ ਹੈ ਦਿਲ ਦਾ
ਕਿ ਸ਼ਾਇਦ ਮੀਤ ਉਸ ਦਾ ਵੀ ਕਿਤੇ ਇਹ ਸੁਣ ਰਿਹਾ ਹੋਵੇ।

□

ਤੇਰੇ ਨੈਣਾਂ 'ਚੋਂ ਮੋਹ ਦਾ ਜਾਮ ਜਿਸ ਪਲ ਛਲਕਿਆ ਹੋਣੈਂ।
ਮੈਂ ਕੀ ਕਰਦਾ ਮੈਂ ਬੇਵਸ ਹੋ ਕੇ ਕੁਝ ਕੁ ਬਹਿਕਿਆ ਹੋਣੈਂ।

ਸੁਨਹਿਰੀ ਸ਼ਾਮ ਚਸ਼ਮੇ ਦੇ ਕਿਨਾਰੇ ਸੀ ਜਦੋਂ ਦੋਵੇਂ
ਕਲਾਵੇ ਵਿਚ ਲੈ ਤੈਨੂੰ ਮੈਂ ਨਿੱਘ ਨੂੰ ਫੜ ਲਿਆ ਹੋਣੈਂ।

ਅਧੂਰੇ ਗੀਤ ਸਨ ਮੇਰੇ ਤੇ ਮੈਂ ਖੁਦ ਵੀ ਅਧੂਰਾ ਸਾਂ
ਤੇਰਾ ਇਕ ਮੇਲ ਸੀ ਜੋ ਸਭ ਸੰਪੂਰਨ ਕਰ ਗਿਆ ਹੋਣੈਂ।

ਮੈਂ ਦਰਿਆ ਤੇ ਨਦੀ ਤੂੰ ਰੂਪ ਦੀ ਸ਼ੋਖ ਹੈਂ ਚੰਚਲ
ਤੂੰ ਕੀ ਜਾਣੇ ਮੈਂ ਤੇਰੇ ਬਾਝ ਕਿੰਨਾਂ ਤੜਪਿਆ ਹੋਣੈਂ।

ਜੇ ਹੁੰਦਾ ਉਹ ਨਿਰਾ ਆਸ਼ਿਕ ਤਾਂ ਸ਼ਾਇਦ ਬਚ ਵੀ ਜਾਣਾ ਸੀ
ਉਹ ਤਾਂ ਸ਼ਾਇਰ ਵੀ ਸੀ ਜੋ ਤੇਰੇ 'ਤੇ ਮਰ ਗਿਆ ਹੋਣੈਂ।

ਜੋ ਖਿੜਿਆ ਨੱਚ ਰਿਹਾ ਮਦਹੋਸ਼ ਫੁੱਲ ਹੈ ਬਾਗ਼ ਦੇ ਅੰਦਰ
ਨਾਜ਼ਕ ਤੇਰੀਆਂ ਉਂਗਲਾਂ ਨੇ ਉਸ ਨੂੰ ਛੁਹ ਲਿਆ ਹੋਣੈਂ।

ਜੋ ਸ਼ਿਅਰਾਂ ਵਿਚ ਆਪਣੇ ਢਾਲਦੈ ਜਜ਼ਬੇ ਜਵਾਨੀ ਦੇ
ਉਸ ਕੁਲਵੰਤ ਨੇ ਤੈਨੂੰ ਹੀ ਕਿਧਰੇ ਵੇਖਿਆ ਹੋਣੈਂ।

□

ਜਦ ਵੀ ਨੈਣ ਮਿਲਾਉਂਦੇ ਹੋ।
ਦਿਲ ਦਾ ਚੈਨ ਚੁਰਾਉਂਦੇ ਹੋ।

ਕਰਨਾ ਜੇ ਈਲਾਜ ਨਹੀਂ
ਫਿਰ ਕਿਉਂ ਰੋਗ ਲਗਾਉਂਦੇ ਹੋ।

ਆਵੋ ਦਿਲ ਦੇ ਪਾਸ ਜ਼ਰਾ
ਐਨਾ ਕਿਉਂ ਤਰਸਾਉਂਦੇ ਹੋ।

ਹੱਸੋ ਸਰਘੀ ਲਗਦੇ ਹੋ
ਪੂਨਮ ਬਣ ਮੁਸਕਾਉਂਦੇ ਹੋ।

ਚਿਹਰਾ ਸਭ ਕੁਝ ਆਖ ਰਿਹੈ
ਜੋ ਵੀ ਆਪ ਛੁਪਾਉਂਦੇ ਹੋ।

ਓਸੇ ਥਾਂ ਫੁੱਲ ਖਿੜਦੇ ਨੇ
ਜਿਸ ਥਾਂ ਪੈਰ ਟਿਕਾਉਂਦੇ ਹੋ।

ਰੂਹ ਵਿਚ ਨਗਮੇਂ ਛਿੜਦੇ ਨੇ
ਝਾਂਜਰ ਜਦ ਛਣਕਾਉਂਦੇ ਹੋ।

ਖਸ਼ਬੂ ਘੇੜੇ ਮਸਤ ਹਵਾ
ਆਪਣੇ ਸਾਥ ਲਿਆਉਂਦੇ ਹੋ।

ਕਿੰਝ 'ਕੁਲਵੰਤ' ਸੰਭਾਲੇ ਦਿਲ
ਜ਼ੁਲਫ਼ਾਂ ਜਦ ਲਹਿਰਾਉਂਦੇ ਹੋ।

□

ਮਿਲਿਆ ਹੈ ਫੇਰ ਕੋਈ ਫੁੱਲਾਂ ਦਾ ਹਾਰ ਬਣ ਕੇ।
ਖੁਸ਼ੀਆਂ ਦੀ ਬਣ ਕੇ ਖ਼ੁਸ਼ਬੂ ਰੂਹ ਦਾ ਖ਼ੁਮਾਰ ਬਣ ਕੇ।

ਪੱਥਰ ਮੈਂ ਹੋ ਗਿਆ ਸਾਂ ਯੱਖ ਹੋ ਗਏ ਸੀ ਜਜ਼ਬੇ
ਸੰਗੀਤ ਝਰ ਰਿਹੈ ਹੁਣ ਉਸ ਦੀ ਸਿਤਾਰ ਬਣ ਕੇ।

ਕੈਸਾ ਕਮਾਲ ਕੀਤੈ ਇਕੋ ਹੀ ਉਸ ਦੀ ਛੁਹ ਨੇ
ਚਾਨਣ ਮੈਂ ਵੰਡ ਰਿਹਾ ਹਾਂ ਚਾਨਣ ਦੀ ਤਾਰ ਬਣ ਕੇ।

ਦਿਨ ਰਾਤ ਭਟਕਦਾ ਸਾਂ ਜਿਸ ਦੀ ਮੈਂ ਭਾਲ ਅੰਦਰ
ਮਿਲਿਆ ਉਹ ਆਣ ਕੇ ਖ਼ੁਦ ਮੋਹ ਦਾ ਦੁਆਰ ਬਣ ਕੇ।

ਹੋਠਾਂ ਤੇ ਉਸ ਦੇ ਸਰਘੀ ਗਲ ਤਾਰਿਆਂ ਦੀ ਗਾਨੀ
ਉੱਡਦਾ ਹੈ ਨੂਰ ਉਸ 'ਚੋਂ ਰਿਸ਼ਮਾਂ ਦੀ ਡਾਰ ਬਣ ਕੇ।

ਮੌਸਮ ਕੋਈ ਵੀ ਹੋਵੇ ਪੱਤਝੜ ਸਿਆਲ ਗਰਮੀਂ
ਆਏ ਉਹ ਜਦ ਕਦੀ ਵੀ ਆਏ ਬਹਾਰ ਬਣ ਕੇ।

ਸਾਹਾਂ 'ਚ ਘੁੱਲ ਗਏ ਸਾਹ ਧੜਕਣ ਵੀ ਇਕ ਹੋਈ
ਪਿਘਲੇ ਦੋ ਬੁੱਤ ਜਦੋਂ ਵੀ ਪਾਣੀ ਦੀ ਧਾਰ ਬਣ ਕੇ।

ਅਸੀਂ ਜੋ ਪਿਆਰ ਕਰ ਬੈਠੇ ਬਸ ਏਨੀ ਖ਼ਤਾ ਹੋਈ।
ਬਣਾ ਦਿਤੇ ਗਏ ਮੁਜਰਿਮ, ਉਮਰ ਭਰ ਦੀ ਸਜ਼ਾ ਹੋਈ।

ਗਿਰੀ ਬਿਜਲੀ ਅਚਾਨਕ ਸਾੜ ਦਿਤਾ ਆਹਲਣਾ ਸਾਡਾ
ਅਸੀਂ ਦੋਵੇਂ ਰਹੇ ਵੇਂਹਦੇ ਸਕੇ ਨਾ ਕਰ ਬਚਾਅ ਕੋਈ।

ਬੁਝਾਏ ਦੀਪ ਸਾਂਝਾਂ ਦੇ ਲਗਾਏ ਵੰਡ ਦੇ ਲਾਂਬੂ
ਅਸਾਡੀ ਰਾਜਨੀਤੀ ਦੀ ਬੜੀ ਦੂਸ਼ਤ ਹਵਾ ਹੋਈ।

ਸੁਲਾਇਆ ਦਰਦ ਅਪਣੇ ਨੂੰ ਭੁਲਾਇਆ ਦਰਦ ਅਪਣੇ ਨੂੰ
ਨਾ ਤੇਰੀ ਯਾਦ ਇਕ ਪਲ ਵੀ, ਪਰ ਸਾਥੋਂ ਭੁਲਾ ਹੋਈ।

ਮਿਟਾਏ ਨਾ ਤਪਸ਼ ਦਿਲ ਦੀ ਕਰੇ ਨਾ ਰੌਸ਼ਨੀ ਕੋਈ
ਭਲਾ ਕੀ ਚਾਨਣੀ ਹੋਈ, ਭਲਾ ਕੀ ਉਹ ਸੁਬਾਹ ਹੋਈ।

ਮੈਨੂੰ ਤੂੰ ਮੇਰੇ ਪਿਆਰ ਦੀ, ਏਨੀ ਸਜ਼ਾ ਨਾ ਦੇ।
ਜਿਸ ਨੂੰ ਸਕਾਂ ਨਾ ਮੇਟ ਮੈਂ, ਉਹ ਫਾਸਲਾ ਨਾ ਦੇ।

ਮੱਘਦਾ ਇਵੇਂ ਹੀ ਰਹਿਣ ਦੇ, ਜਜ਼ਬਾ ਇਹ ਪ੍ਰੀਤ ਦਾ
ਏਨੀ ਵਿਖਾ ਨਾ ਬੇਰੁਖੀ, ਇਸ ਨੂੰ ਬੁਝਾ ਨਾ ਦੇ।

ਆਪਾਂ ਦੋਹਾਂ ਬਣਾਇਐ, ਜੋ ਮਹਿਲ ਪ੍ਰੀਤ ਦਾ
ਗੁੱਸੇ 'ਚ ਆ ਕੇ ਓਸ ਨੂੰ, ਐਂਵੇਂ ਗਿਰਾ ਨਾ ਦੇ।

ਹੁੰਦੀ ਨਹੀਂ ਹੈ ਪਿਆਰ ਵਿਚ, ਸੀਮਾ ਕੋਈ ਸ਼ਰਤ
ਇਹ ਸੱਚ ਹੈ ਤੂੰ ਏਸ ਨੂੰ, ਐਂਵੇਂ ਭੁਲਾ ਨਾ ਦੇ।

ਬਣ ਕੇ ਘਟਾ ਤੂੰ ਸਾਉਣ ਦੀ, ਤਨ ਮਨ ਸੀ ਠਾਰਿਆ
ਅਪਣੇ ਬਿਰਹੋਂ ਦੀ ਅਗਨ ਵਿਚ, ਆਪੇ ਜਲਾ ਨਾ ਦੇ।

ਤੂੰ ਪੋਟਿਆਂ ਤੋਂ ਜਿਸਮ ਵਿਚ, ਰੂਹ ਤੀਕ ਪਹੁੰਚ ਕੇ
ਆਖੇਂ ਦਵਾਂ ਤੈਨੂੰ ਭੁਲਾ, ਇਹ ਬੱਦ ਦੁਆ ਨਾ ਦੇ।

□

ਚਿਹਰੇ ਤੇ ਮੁਸਕਾਨ ਸਜਾਈ ਫਿਰਦੇ ਹਾਂ।
ਸੀਨੇ ਅੰਦਰ ਦਰਦ ਛੁਪਾਈ ਫਿਰਦੇ ਹਾਂ।

ਭਾਵੇਂ ਕੱਖਾਂ ਦੀ ਕੁੱਲੀ ਵੀ ਕੋਲ ਨਹੀਂ
ਫਿਰ ਵੀ 'ਵਾ ਵਿਚ ਮਹਿਲ ਬਣਾਈ ਫਿਰਦੇ ਹਾਂ।

ਜਿਸ ਦਾ ਬਿਰਹਾ ਜਿੰਦੂ ਵੱਢ ਵੱਢ ਖਾਂਦਾ ਹੈ
ਓਸੇ ਦੇ ਜਿੰਦ ਲੇਖੇ ਲਾਈ ਫਿਰਦੇ ਹਾਂ।

ਕਿਰਨਾਂ ਫੁੱਟਣ ਕਿਉਂ ਨਾ ਮੇਰੇ ਸ਼ਿਅਰਾਂ 'ਚੋਂ
ਸੂਰਜ ਸੋਚਾਂ ਵਿਚ ਜੜਾਈ ਫਿਰਦੇ ਹਾਂ।

ਕੰਡੇ ਉਸ ਦੇ ਪਾ ਕੇ ਅਪਣੀ ਝੋਲੀ ਵਿਚ
ਉਸ ਦੇ ਰਾਹ ਵਿਚ ਫੁੱਲ ਵਿਛਾਈ ਫਿਰਦੇ ਹਾਂ।

ਲੂੰ ਲੂੰ ਖੁਸ਼ਬੂ ਚਾਨਣ ਨਿੱਘ ਹੈ ਜਾਪ ਰਿਹਾ
ਕੀ ਕੀ ਇੱਕੋ ਛੁਹ ਤੋਂ ਪਾਈ ਫਿਰਦੇ ਹਾਂ।

ਉੱਡਦੇ ਫਿਰੀਏ ਬਿਨ ਖੰਭਾਂ ਤੋਂ ਅੰਬਰ ਵਿਚ
ਰੂਹ ਨੂੰ ਮੋਹ ਦਾ ਜਾਮ ਪਿਲਾਈ ਫਿਰਦੇ ਹਾਂ।

□

ਤੂੰ ਇਕੱਲੀ ਕਿਸ ਤਰ੍ਹਾਂ ਹੈਂ ਜੀਅ ਰਹੀ ਮੇਰੇ ਬਿਨਾਂ।
ਜੀਅ ਨਹੀਂ ਸਕਦਾ ਇਕੱਲਾ ਮੈਂ ਘੜੀ ਤੇਰੇ ਬਿਨਾਂ।

ਤੋੜ ਬਿਰਹੋਂ ਨੂੰ ਅਸੀਂ ਮਾਣਾਂਗੇ ਪਲ ਕਿੰਝ ਵਸਲ ਦੇ,
ਤਰ ਨਹੀਂ ਹੋਣੀ ਝਨਾਂ ਹਿੰਮਤ ਬਿਨਾਂ, ਜੇਰੇ ਬਿਨਾਂ।

ਫੁੱਲ ਖੁਸ਼ਬੂ ਪੱਤੀਆਂ ਰੰਗਾਂ ਨੂੰ ਲੋਚੇ ਹਰ ਕੋਈ
ਇਹ ਨਹੀਂ ਮਿਲਦੇ ਕਦੀ ਮੁੜ੍ਹਕੇ ਦੇ ਬੀ ਕੇਰੇ ਬਿਨਾਂ।

ਚੰਨ ਪੁੰਨਿਆਂ ਚਾਨਣੀ, ਪ੍ਰਭਾਤ ਕਿਰਨਾਂ ਰੌਸ਼ਨੀ
ਕੀ ਭਲਾ ਇਨ੍ਹਾਂ ਦੀ ਪੈਣੀ ਸੀ ਕਦਰ ਨੇਰ੍ਹੇ ਬਿਨਾਂ।

ਜੋ ਸਮਾਜੀ ਵਲਗਣਾਂ ਕੰਧਾਂ ਅਸਾਡੇ ਰਾਹ 'ਚ ਨੇ,
ਹੋ ਨਹੀਂ ਸਕਦੇ ਇਕੱਠੇ ਉਹ ਅਸੀਂ ਗੇਰੇ ਬਿਨਾਂ।

ਮੋਹ ਬਿਨਾਂ ਜੀਵਨ ਜਿਵੇਂ ਹੋਵੇ ਕਫਨ।
ਮੋਹ ਮਿਲੇ ਤਾਂ ਨ੍ਹੇਰ ਵਿਚ ਦੀਵੇ ਜਗਨ।

ਮੀਤ ਬਿਨ ਇਹ ਜ਼ਿੰਦਗੀ ਹੈ ਬੇਸੁਰੀ
ਮੀਤ ਸੰਗ ਹੈ ਘੁੰਗਰੂਆਂ ਦੀ ਛਣ ਛਣਨ।

ਸਾਥ ਤੇਰੇ ਹਾੜ ਵੀ ਚੇਤਰ ਜਿਂਵੇਂ
ਬਿਨ ਤੇਰੇ ਬਰਸਾਤ ਵੀ ਸਾੜੇ ਬਦਨ।

ਬਾਤ ਮੇਰੀ ਦਾ ਹੁੰਗਾਰਾ ਜਦ ਭਰੇਂ
ਬਿਨ ਪਰਾਂ ਹਾਂ ਉਡਦਾਂ ਨੀਲੇ ਗਗਨ।

ਹੋਰ ਹੁਣ ਕੋਈ ਤਮੰਨਾ ਹੀ ਨਹੀਂ
ਬਸ ਕਦੋਂ ਹੋਵੇ ਮਿਲਣ ਤੇਰਾ ਮਿਲਣ।

□

ਜ਼ਿੰਦਗੀ ਦੀ ਸ਼ਾਮ ਤਨਹਾ ਦਿਲ ਬੜਾ ਉਦਾਸ ਹੈ।
ਮੁੱਠੀ 'ਚੋਂ ਕਿਰਦੀ ਜਾ ਰਹੀ ਸਾਹਾਂ ਦੀ ਛਿਣ ਛਿਣ ਰਾਸ ਹੈ।

ਮੋਹ ਵਿਹੂਣੀ ਜ਼ਿੰਦਗੀ ਨੂੰ ਜੀਅ ਰਿਹਾ ਹਾਂ ਇਸ ਤਰ੍ਹਾਂ
ਜਿਸ ਤਰ੍ਹਾਂ ਸੜਣਾ ਦਿਨੇਂ ਰਾਤੀਂ ਜਿਵੇਂ ਬਨਵਾਸ ਹੈ।

ਕਿਸ ਤਰ੍ਹਾਂ ਲੈਂਦਾ ਮੈਂ ਫੜ ਹੱਥਾਂ 'ਚ ਆਪਣੇ ਓਸ ਨੂੰ
ਨੂਰ ਹੈ ਜੋ ਚਾਨਣੀ ਫੁੱਲਾਂ ਦੀ ਉਹ ਜੋ ਬਾਸ ਹੈ।

ਦਰ ਜਦੋਂ ਤਿੱਤਲੀ ਜਾਂ ਖ਼ੁਸ਼ਬੂ ਨੇ ਹੈ ਖੜਕਾਇਆ ਕਿਸੇ
ਆਖਿਆ ਮੈਂ ਸ਼ੁਕਰੀਆ ਏਥੇ ਉਹਨਾਂ ਦਾ ਵਾਸ ਹੈ।

ਓਸ ਨੂੰ ਹੈ ਵੇਖਿਆ ਚਾਹੇ ਜ਼ਮਾਨਾ ਹੋ ਗਿਆ
ਜਾਪਦਾ ਹੈ ਪਰ ਜਿਵੇਂ ਹਰਦਮ ਮੇਰੇ ਉਹ ਪਾਸ ਹੈ।

ਜਾਣਦਾ ਹਾਂ ਮੈਂ ਸਦੀਵੀ ਸਾਥ ਮਿਲ ਸਕਣਾ ਨਹੀਂ
ਪਰ ਅਜੇ ਵੀ ਹਮਸਫਰ ਕੁਝ ਪਲ ਬਨਣ ਦੀ ਆਸ ਹੈ।

ਮੁਸਕਰਾ ਕੇ ਓਸ ਦਾ ਨਜ਼ਰਾਂ ਬਚਾ ਕੇ ਵੇਖਣਾ
ਮਿਲ ਗਿਆ ਮੈਨੂੰ ਹੁੰਗਾਰਾ ਬਸ ਇਹੀ ਧਰਵਾਸ ਹੈ।

□

ਪਾਸ ਆਇਆ ਹੈਂ ਤਾਂ ਹੁਣ ਦੂਰੀ ਮਿਟਾ।
ਬੈਠ ਸਾਹਵੇਂ ਮੁਸਕਰਾ ਨਜ਼ਰਾਂ ਮਿਲਾ।

ਦੋਸਤੀ ਦਾ ਪਿਆਰ ਦਾ ਕੋਈ ਗੀਤ ਗਾ।
ਸਾਜ਼ ਤੂੰ ਦਿਲ ਦਾ ਵਜਾ ਦਿਲ ਨੂੰ ਸੁਣਾ।

ਰੂਹ ਪਿਆਸੀ ਹੈ ਬੜੀ ਹੀ ਦੇਰ ਦੀ
ਆਪਣੇ ਹੋਠਾਂ 'ਚੋਂ ਤੂੰ ਅੰਮ੍ਰਿਤ ਪਿਲਾ।

ਲੋੜ ਹੁਣ ਮੈਨੂੰ ਨਹੀਂ ਕੁਝ ਹੋਰ ਦੀ
ਮਿਲ ਗਿਉਂ ਤੂੰ ਮੈਂ ਹੈ ਸਭ ਕੁਝ ਪਾ ਲਿਆ।

ਵੇਖ ਕੇ ਤੇਰਾ ਹੈ ਮੁੱਖ ਨਸ਼ਿਆ ਗਈ
ਸਾਥ ਜੋ ਫੁੱਲਾਂ ਦੇ ਹੈ ਨੱਚਦੀ ਹਵਾ।

ਤੋੜ ਜਾਵੇ ਦਮ ਤੇਰਾ ਬਿਮਾਰ ਨਾ
ਕਰ ਤਬੀਬਾ ਕਰ ਕੋਈ ਛੇਤੀ ਦਵਾ।

ਪਾ ਸਕੇਂਗਾ ਪਿਆਰ ਦੀ ਮੰਜ਼ਿਲ ਤੂੰ ਫਿਰ
ਕਰ ਲਵੇਂ ਜੇ ਪਿਆਰ ਵਿਚ ਖੁਦ ਨੂੰ ਫਨ੍ਹਾ।

ਪਿਆਰ ਐਨਾ ਜਤਾ ਗਿਆ ਕੋਈ।
ਪਲ 'ਚ ਅਪਣਾ ਬਣਾ ਗਿਆ ਕੋਈ।

ਦਰਦ ਅਪਣਾ ਸੁਣਾ ਗਿਆ ਕੋਈ।
ਦਰਦ ਮੇਰਾ ਜਗਾ ਗਿਆ ਕੋਈ।

ਮੁੱਖ ਨੂਰੀ ਵਿਖਾ ਗਿਆ ਕੋਈ।
ਰੂਹ 'ਚ ਚਾਨਣ ਖਿੰਡਾ ਗਿਆ ਕੋਈ।

ਫੁੱਲ ਬਣ ਕੇ ਜੁ ਆ ਗਿਆ ਕੋਈ।
ਖ਼ੁਸ਼ਬੂ ਖ਼ੁਸ਼ਬੂ ਬਣਾ ਗਿਆ ਕੋਈ।

ਜਾਮ ਐਸਾ ਪਿਲਾ ਗਿਆ ਕੋਈ।
ਦੀਨ ਦੁਨੀਆਂ ਭੁਲਾ ਗਿਆ ਕੋਈ।

ਮੀਂਹ ਵਸਲਾਂ ਦਾ ਪਾ ਗਿਆ ਕੋਈ।
ਤੇਹ, ਭਟਕਣ ਮਿਟਾ ਗਿਆ ਕੋਈ।

ਨੈਣ ਐਸੇ ਮਿਲਾ ਗਿਆ ਕੋਈ।
ਲੂੰ ਲੂੰ ਮਸਤੀ ਚੜ੍ਹਾ ਗਿਆ ਕੋਈ।

□

ਆਪਣੇ ਵਾਲਾਂ 'ਚ ਜਦ ਉਹ ਫੁੱਲ ਸਜਾਇਆ ਕਰਨਗੇ।
ਯਾਦ ਪੋਟੇ ਮੇਰੀਆਂ ਉਂਗਲਾਂ ਦੇ ਆਇਆ ਕਰਨਗੇ।

ਜਦ ਕਦੀ ਮੇਰੀ ਗ਼ਜ਼ਲ ਉਹ ਗੁਣਗੁਣਾਇਆ ਕਰਨਗੇ।
ਮੇਰਿਆਂ ਸ਼ਿਅਰਾਂ 'ਚ ਆਪੇ ਸਿਮਟ ਜਾਇਆ ਕਰਨਗੇ।

ਬਣ ਸੰਵਰ ਵੇਖਣਗੇ ਸ਼ੀਸ਼ਾ ਉਹ ਇਕੱਲੇ ਜਦ ਕਦੀ,
ਵੇਖ ਕੇ ਸ਼ੀਸ਼ੇ 'ਚ ਮੈਨੂੰ ਪਿਘਲ ਜਾਇਆ ਕਰਨਗੇ।

ਦੂਰ ਜਾ ਕੇ ਵੀ ਉਨ੍ਹਾਂ ਨੇ ਦੂਰ ਜਾ ਸਕਣਾ ਨਹੀਂ
ਗੀਤ ਬਣ ਹੋਠਾਂ ਤੇ ਮੇਰੇ ਪਰਤ ਆਇਆ ਕਰਨਗੇ।

ਮੇਰਿਆਂ ਸ਼ਿਅਰਾਂ 'ਚ ਸਭ ਹੰਝੂ ਮੇਰੇ ਢਲ ਜਾਣਗੇ
ਕਿਸ ਤਰ੍ਹਾਂ ਹੰਝੂ ਉਹ ਪਰ ਆਪਣੇ ਛੁਪਾਇਆ ਕਰਨਗੇ।

ਅੱਥਰੂ ਬਣ ਉਨ੍ਹਾਂ ਦੇ ਨੈਣਾਂ 'ਚ ਆ ਜਾਵਾਂਗਾ ਮੈਂ
ਯਾਦ ਕਰ ਦੰਦਾਂ 'ਚ ਜਦ ਉਂਗਲੀ ਦਬਾਇਆ ਕਰਨਗੇ।

ਗ਼ਮ ਨਹੀਂ ਹੈ ਦਰਦ ਆਪਣੇ ਦਾ ਤਾਂ ਕੋਈ ਗ਼ਮ ਨਹੀਂ
ਗ਼ਮ ਤਾਂ ਹੈ ਉਹ ਦਰਦ ਕਿੰਝ ਆਪਣਾ ਸੁਲਾਇਆ ਕਰਨਗੇ।

ਹੋਰ ਵੀ ਉਘੜਾਂਗਾ, ਮੁੜ ਮੁੜ ਮੈਂ ਉਨ੍ਹਾਂ ਦੀ ਸੋਚ ਵਿਚ
ਯਾਦ ਮੇਰੀ ਜਦ ਕਦੀ ਮਨ ਤੋਂ ਮਿਟਾਇਆ ਕਰਨਗੇ।

ਜਦ ਹਨੇਰੇ ਕਾਲਿਆਂ ਰਾਹਾਂ 'ਚ ਘਿਰ ਜਾਵਾਂਗਾ ਮੈਂ
ਬੋਲ ਬਣ ਜੁਗਨੂੰ ਉਨ੍ਹਾਂ ਦੇ ਰਾਹ ਦਿਖਾਇਆ ਕਰਨਗੇ।

□

ਆਸਾਂ ਦੇ ਦੀਵਿਆਂ ਨੂੰ ਖੁਦ ਬਾਲ ਕੇ ਬੁਝਾ ਕੇ।
ਇਹ ਕੌਣ ਤੁਰ ਗਿਆ ਹੈ ਫਿਰ ਦਰਦ ਨੂੰ ਜਗਾ ਕੇ।

ਜੋ ਦੂਰ ਰਹਿ ਕੇ ਵੀ ਤਾਂ ਰਹਿੰਦਾ ਸੀ ਦਿਲ ਦੇ ਨੇੜੇ
ਦੂਰੀ ਨਾ ਉਸ ਮਿਟਾਈ ਮੇਰੇ ਕਰੀਬ ਆ ਕੇ

ਆਵੇ ਉਹ ਸ਼ਾਇਦ ਸ਼ਾਮੀਂ ਕੰਬਦਾ ਠਿਠੁਦਾ,
ਬੈਠਾ ਹਾਂ ਦਿਲ ਦੀ ਧੂਣੀ ਇਸ ਆਸ ਤੇ ਧੁਖਾ ਕੇ।

ਉਹ ਮਹਿਕ ਸੀ ਮਧੂ ਸੀ ਇਕ ਲਾਟ ਰੂਪ ਦੀ ਸੀ
ਹੱਸ ਕੇ ਹੀ ਤੁਰ ਗਈ ਜੋ ਅੱਗ ਪਾਣੀਆਂ ਨੂੰ ਲਾ ਕੇ।

ਬਿਨ ਬੋਲਿਆਂ ਵੀ ਪਾਈ ਹੈ ਬਾਤ ਦੋ ਦਿਲਾਂ ਨੇ
ਨਜ਼ਰਾਂ ਜ਼ਰਾ ਮਿਲਾ ਕੇ ਨਜ਼ਰਾਂ ਜ਼ਰਾ ਝੁਕਾ ਕੇ।

ਇਸ ਤਨ ਦੀ ਬੰਸਰੀ 'ਚੋਂ ਕਿਉਂ ਗੀਤ ਸੌਂ ਗਏ ਨੇ
ਆ ਵੇਖ ਤਾਂ ਰਤਾ ਕੂ ਹੋਠਾਂ ਨੂੰ ਤੂੰ ਛੁਹਾ ਕੇ।

ਮੇਰੇ ਵੀਰਾਨ ਘਰ ਵਿਚ ਫਿਰ ਤੋਂ ਬਹਾਰ ਆਈ
ਆਏ ਨੇ ਜਦ ਕਦੀ ਉਹ ਵਾਲਾਂ 'ਚ ਫੁੱਲ ਸਜਾ ਕੇ।

ਪਾਇਆ ਸੀ ਪਿਆਰ ਦਾ ਮੈਂ ਆਹਲਣਾ ਜੋ ਦਿਲ ਤੇ
ਮਿਲਿਆ ਕੀ ਬਿਜਲੀਏ ਨੀਂ ਉਹ ਆਹਲਣਾ ਜਲਾ ਕੇ।

□

ਆਪਣੇ ਪਰਛਾਂਵਿਆਂ ਤੋਂ ਆਪ ਹੀ ਡਰਦਾ ਰਿਹਾ।
ਜਿੱਤ ਕੇ ਵੀ ਪਿਆਰ ਦੀ ਬਾਜ਼ੀ ਸਦਾ ਹਰਦਾ ਰਿਹਾ।

ਦਿਲ ਰੁਬਾ ਮੇਰੇ ਸਨਮ, ਮਿਹਰਬਾਂ ਮੇਰੇ ਖੁਦਾ
ਪਾਸ ਏਨੇ ਹੋ ਕੇ ਵੀ, ਸਾਡੇ 'ਚ ਕਿਉਂ ਪਰਦਾ ਰਿਹਾ।

ਦਿਲ ਜਲੇ ਨੂੰ ਕੀ ਜਲਾਉਗੇ ਤੁਸੀਂ ਮਰ ਜਾਣ ਤੇ
ਅੱਗ ਦੇ ਦਰਿਆ ਨੂੰ ਜਿਹੜਾ ਰੋਜ਼ ਹੈ ਤਰਦਾ ਰਿਹਾ।

ਬਿਨ ਤਿਰੇ ਨਾ ਰਾਸ ਆਈ ਰੁੱਤ ਕੋਈ ਵੀ ਕਦੀ
ਪੋਹ ਵਿਚ ਸੜਦਾ ਰਿਹਾ ਮੈਂ, ਹਾੜ ਵਿਚ ਠਰਦਾ ਰਿਹਾ।

ਉਸ ਦਿਆਂ ਹੋਠਾਂ 'ਚੋਂ ਨਗ਼ਮੇਂ ਸ਼ਹਿਦ ਬਣ ਕਿਰਦੇ ਰਹੇ
ਰੇਸ਼ਮੀਂ ਅੰਗਾਂ 'ਚੋਂ ਮੋਹ ਦਾ ਨਿੱਘ ਸਦਾ ਝਰਦਾ ਰਿਹਾ।

ਜਾਣ ਉਹ ਸਕਿਆ ਕਦੀ ਨਾ ਦਿਲ ਮੇਰੇ ਦੀ ਵੇਦਨਾ
ਮੈਂ ਜਿਦੇ ਲਈ ਉਮਰ ਭਰ ਜੀਂਦਾ ਰਿਹਾ ਮਰਦਾ ਰਿਹਾ।

ਮੈਂ ਪਿਆਸਾ ਹੀ ਥਲਾਂ ਵਿਚ ਭਟਕਦਾ ਹਾਂ-ਸੜ ਰਿਹਾ
ਓਸ ਦੀ ਰਹਿਮਤ ਦਾ ਕਿਧਰੇ ਹੋਰ ਮੀਂਹ ਵਰ੍ਹਦਾ ਰਿਹਾ।

ਨੂਰ ਸੀ ਖੁਸ਼ਬੂ ਸੀ ਉਹ ਇਕ ਮਧੁ ਮੂਰਤ ਸੀ ਉਹ
ਮਨ ਮਿਰੇ ਦੀ ਝੀਲ ਵਿਚ ਸਾਇਆ ਜਿਦ੍ਹਾ ਤਰਦਾ ਰਿਹਾ।

□

ਬੈਠ ਕੇ ਕੰਢੇ ਤੇ ਜੋ ਮੁਸਕਾ ਰਹੀ ਹੈ ਚਾਨਣੀ।
ਅੱਗ ਠੰਡੇ ਪਾਣੀਆਂ ਨੂੰ ਲਾ ਰਹੀ ਹੈ ਚਾਨਣੀ।

ਮੇਰਿਆਂ ਸਾਹਾਂ 'ਚ ਘੁਲਦੀ ਜਾ ਰਹੀ ਹੈ ਚਾਨਣੀ।
ਰੇਸ਼ਮੀਂ ਜ਼ੁਲਫਾਂ ਮੇਰੇ ਗਲ ਪਾ ਰਹੀ ਹੈ ਚਾਨਣੀ।

ਨੂਰ ਦੇ ਵਸਤਰ ਪਹਿਣ ਕੇ ਹੋ ਕੇ ਪੌਣਾਂ ਤੇ ਸਵਾਰ,
ਤਾਰਿਆਂ ਦੇ ਘੁੰਗਰੂ ਛਣਕਾ ਰਹੀ ਹੈ ਚਾਨਣੀ।

ਮਰਮਰੀ ਗੋਰਾ ਬਦਨ ਮੁੱਖ ਜਿਵੇਂ ਖਿੜਿਆ ਕੰਵਲ
ਮਲ ਕੇ ਖੁਸ਼ਬੂਆਂ ਦਾ ਵਟਣਾ ਨ੍ਹਾ ਰਹੀ ਹੈ ਚਾਨਣੀ।

ਜੰਗਲਾਂ ਤੇ ਪਰਬਤਾਂ ਵਿਚ ਸਾਗਰਾਂ ਮਾਰੂਥਲਾਂ
ਕੌਣ ਜਾਣੇ ਕਿਸ ਲਈ ਕੁਰਲਾ ਰਹੀ ਹੈ ਚਾਨਣੀ।

ਕੌਣ ਸਮਝੇ ਪੀੜ ਉਸ ਦੀ ਵੇਦਨਾ ਬਿਰਹੋਂ ਦਾ ਗ਼ਮ
ਗੀਤ ਜੋ ਲਹਿਰਾਂ ਤੇ ਨਚਦੀ ਗਾ ਰਹੀ ਹੈ ਚਾਨਣੀ।

ਹੋ ਗਈ ਮੈਥੋਂ ਜੁਦਾ ਜੋ ਹਾਂ ਮੈਂ ਜਿਸ ਲੀ ਤੜਪਦਾ,
ਸੁਪਨਿਆਂ ਵਿਚ ਬਣ ਗ਼ਜ਼ਲ ਉਹ ਆ ਰਹੀ ਹੈ ਚਾਨਣੀ।

ਸਾਡੇ ਵਿਚ ਜੋ ਦੂਰੀ ਹੈ।
ਦੋਹਾਂ ਦੀ ਮਜਬੂਰੀ ਹੈ।

ਕਿੱਦਾਂ ਪਿਆਰ ਛੁਪਾਵਾਂ ਮੈਂ
ਰੂਹ ਦੀ ਇਹ ਕਸਤੂਰੀ ਹੈ।

ਹੰਝੂ ਹੌਕੇ ਕਸਕਾਂ ਗ਼ਮ
ਬਿਰਹੋਂ ਭੇਜੀ ਚੂਰੀ ਹੈ।

ਲਿਖ ਲਿਖ ਗ਼ਜ਼ਲਾਂ ਹਾਰ ਗਏ
ਫਿਰ ਵੀ ਬਾਤ ਅਧੂਰੀ ਹੈ।

ਤੁਧ ਬਿਨ ਜਿੰਦ ਅਧੂਰੀ ਜੋ
ਸਾਥ ਤਿਰੇ ਉਹ ਪੂਰੀ ਹੈ।

ਜੋਬਨ ਆਖਿਰ ਢਲ ਜਾਣੈਂ
ਇਸ ਦੀ ਕੀ ਮਗ਼ਰੂਰੀ ਹੈ।

ਤੂੰ ਹੱਸੇਂ ਫੁੱਲ ਕਿਰਦੇ ਨੇ
ਨਸ਼ਤਰ ਤੇਰੀ ਘੂਰੀ ਹੈ।

ਤੇਰਾ ਕਿਹੜਾ ਸਾਨੀਂ ਏਂ
ਤੇਰਾ ਜਲਵਾ ਨੂਰੀ ਹੈ।

ਦਿਲ ਬਾਗ਼ੀ ਹੋ ਮਿਲਦੇ ਨੇ
ਮਿਲਦੀ ਕਦ ਮਨਜ਼ੂਰੀ ਹੈ।

ਬਾਜ਼ੀ ਇਸ਼ਕੇ ਦੀ ਹਾਰ ਬੈਠੇ ਹਾਂ।
ਵਾਂਗ ਉਜੜੇ ਮਜ਼ਾਰ ਬੈਠੇ ਹਾਂ।

ਦਰਦ ਸੀਨੇ ਜਿਗਰ ਤੇ ਦਿਲ ਅੰਦਰ
ਲੈ ਕੇ ਪੀੜਾਂ ਹਜ਼ਾਰ ਬੈਠੇ ਹਾਂ।

ਸਾਨੂੰ ਜਗ ਦੀ ਕੀ ਹੋਸ਼ ਰਹਿਣੀ ਏਂ
ਡੁੰਬ ਯਾਦਾਂ ਦਾ ਮਾਰ ਬੈਠੇ ਹਾਂ।

ਕੌਣ ਸਾਡੇ ਤੋਂ ਉਸ ਨੂੰ ਖੋਹੇਗਾ
ਦਿਲ 'ਚ ਜਿਸ ਨੂੰ ਉਤਾਰ ਬੈਠੇ ਹਾਂ।

ਖਹਿੜਾ ਬਿਰਹੋਂ ਦਾ ਸ਼ਾਹ ਨਹੀਂ ਛੱਡਦਾ
ਮੋਤੀ ਹੰਝੂਆਂ ਦੇ ਤਾਰ ਬੈਠੇ ਹਾਂ।

ਤੇਰੇ ਬਾਝੋਂ ਇਹ ਜੀਣ ਕਾਹਦਾ ਏ,
ਬਣ ਕੇ ਧਰਤੀ ਤੇ ਭਾਰ ਬੈਠੇ ਹਾਂ।

ਤੇਰੇ ਪੂਨਮ ਤੋਂ ਸੋਹਣੇ ਮੁੱਖ ਖਾਤਿਰ
ਸਾਰੀ ਦੁਨੀਆਂ ਵਿਸਾਰ ਬੈਠੇ ਹਾਂ।

ਕਰਦੇ ਕਰਦੇ ਉਡੀਕ ਸਜਣਾਂ ਦੀ
ਸਾਰੀ ਉਮਰਾਂ ਗੁਜ਼ਾਰ ਬੈਠੇ ਹਾਂ।

□

ਕਿਸ ਨੂੰ ਦਿਲ ਦਾ ਦਰਦ ਸੁਣਾਈਏ।
ਕਿਸ ਨੂੰ ਆਪਣੇ ਜ਼ਖ਼ਮ ਵਿਖਾਈਏ।

ਬਖਸ਼ੇ ਸਾਨੂੰ ਸਾਥ ਤਿਰਾ ਜੋ,
ਕਿਸ ਟਿੱਲੇ ਦਾ ਪੀਰ ਮਨਾਈਏ।

ਰਿਸ਼ਮਾਂ ਨੇ ਜਾਂ ਵਾਲ ਤਿਰੇ ਨੇ,
ਦਸ ਜਾ ਨੀਂ ਕੁਝ ਪੂਨਮ ਜਾਈਏ।

ਜੋ ਬਿਰਹੋਂ ਦਾ ਰੋਗ ਮਿਟਾਏ,
ਕਿਹੜਾ ਐਸਾ ਵੈਦ ਬੁਲਾਈਏ।

ਤੇਰੇ ਕੰਨੀਂ ਦੇਣ ਸੁਨੇਹਾਂ,
ਪੌਣਾਂ ਨੂੰ ਕਿੰਝ ਗਲ ਸਮਝਾਈਏ।

ਖਵਰੇ ਭੁੱਲ ਕੇ ਆ ਹੀ ਜਾਵੇਂ,
ਆਪਣੇ ਘਰ ਨੂੰ ਰੋਜ਼ ਸਜਾਈਏ।

ਸੌਖੀ ਤਨ ਦੀ ਪੀੜ ਸੁਲਾਣੀ
ਕਿਸ ਬਿਧ ਮਨ ਦੀ ਪੀੜ ਸੁਲਾਈਏ।

ਇਕ ਪਲ ਬਿਰਹੋਂ ਸੂਲੀ ਵਰਗਾ,
ਕਿੰਝ ਬਿਰਹੋਂ ਦੀ ਜੂਨ ਬਿਤਾਈਏ।

□

ਬੇਦਰਦੀ ਨੂੰ ਮੀਤ ਬਣਾ ਕੇ।
ਵੇਖ ਲਿਆ ਸੁੱਖ ਚੈਨ ਗਵਾ ਕੇ।

ਰਾਤੀਂ ਰੋਜ਼ ਉਡੀਕਾਂ ਤੈਨੂੰ
ਪਲਕਾਂ ਤੇ ਮੈਂ ਦੀਪ ਜਗਾ ਕੇ।

ਤੁਰ ਗਿਉਂ ਤੂੰ ਪਰਦੇਸ ਵੇ ਸੱਜਣਾਂ,
ਸਾਨੂੰ ਇਸ਼ਕ ਚਵਾਤੀ ਲਾ ਕੇ।

ਆਪਣੀ ਜੂਨ ਬਿਤਾ ਜਾਵਾਂਗੇ,
ਪੀੜਾਂ ਹੌਕੇ ਦਰਦ ਹੰਢਾ ਕੇ।

ਜਨਮ, ਜਨਮ ਪੂਰਨ ਭਟਕੇਗਾ,
ਸੁੰਦਰਾਂ ਦੇ ਮੋਹ ਨੂੰ ਠੁਕਰਾ ਕੇ।

ਗਿੱਲਾ ਪੀਹਣ ਪਰਾਗੇ ਪਾਇਆ,
ਬਿਰਹੋਂ ਸਾਨੂੰ ਚੱਕੀ ਡਾਹ ਕੇ।

ਰਹਿ ਗਏ ਚਾਰ ਦਿਹਾੜੇ ਜਿੰਦੇ,
ਕਟ ਲੈ ਰੋ ਕੇ ਭਾਵੇਂ ਗਾ ਕੇ।

□

ਜੋ ਬਿਰਹੋਂ ਨੇ ਜਾਈਆਂ ਪੀੜਾਂ।
ਮਾਰਨ ਵਾਂਗ ਕਸਾਈਆਂ ਪੀੜਾਂ।

ਗ਼ਜ਼ਲਾਂ ਦੀ ਹਰ ਫੁਲਕਾਰੀ ਤੇ,
ਮੈਂ ਸ਼ਿਅਰਾਂ ਵਿਚ ਪਾਈਆਂ ਪੀੜਾਂ।

ਰਾਤੀਂ ਪੂਨਮ ਛਮ ਛਮ ਰੋਈ,
ਮੈਂ ਜਦ ਖੋਹਲ ਸੁਣਾਈਆਂ ਪੀੜਾਂ।

ਯਾਦ ਸੱਜਣ ਦੀ ਜਦ ਵੀ ਆਈ,
ਹੋਈਆਂ ਦੂਣ ਸਵਾਈਆਂ ਪੀੜਾਂ

ਸਾਰਾ ਖ਼ੂਨ ਜਿਗਰ ਦਾ ਪੀ ਕੇ
ਫਿਰ ਵੀ ਨੇ ਤਿਰਹਾਈਆਂ ਪੀੜਾਂ।

ਵੇਖ ਅਸਾਡੇ ਜ਼ਖਮੀਂ ਦਿਲ ਨੂੰ
ਹੋਰ ਸਗੋਂ ਮੁਸਕਾਈਆਂ ਪੀੜਾਂ

ਉਹ ਕੀ ਦਰਦ ਕਿਸੇ ਦਾ ਜਾਣੇ
ਜਿਸ ਨਾ ਆਪ ਹੰਢਾਈਆਂ ਪੀੜਾਂ।

ਸਰਘੀ ਵਰਗੇ ਮੁੱਖੜੇ ਬਾਝੋਂ,
ਹਰ ਪਾਸੇ ਨੇ ਛਾਈਆਂ ਪੀੜਾਂ।

□

ਤੇਰਾ ਜੋਬਨ ਚੜ੍ਹਦਾ ਸੂਰਜ ਮੈਂ ਢਲਦਾ ਪਰਛਾਂਵਾਂ।
ਇਕ ਛਿੱਟ ਚਾਨਣ ਜੇ ਪਾ ਦੇਵੇਂ ਮੈਂ ਉਜਲਾ ਹੋ ਜਾਵਾਂ।

ਹੋਂਠੀ ਸਰਘੀ, ਮੱਥੇ ਪੁੰਨਿਆਂ ਨੈਣੀਂ ਲਿਸ਼ਕਣ ਤਾਰੇ,
ਤੇਰੀ ਰੱਤੀ ਮਹਿਕ ਚੁਰਾ ਕੇ ਨੱਚਦੀਆਂ ਫਿਰਨ ਹਵਾਵਾਂ।

ਪੱਥਰਾਂ ਦੇ ਇਸ ਸ਼ਹਿਰ 'ਚ ਵਸਦੇ ਲੋਹੇ ਦੇ ਨੇ ਬੰਦੇ
ਕਿਸ ਨੂੰ ਦਿਲ ਦੇ ਜ਼ਖ਼ਮ ਦਿਖਾਵਾਂ ਕਿਸ ਨੂੰ ਦਰਦ ਸੁਣਾਵਾਂ।

ਪੈਰੀਂ ਸੰਗਲ ਹੋਠੀਂ ਜੰਦਰੇ, ਨਜ਼ਰਾਂ ਤੇ ਵੀ ਪਹਿਰਾ
ਖਵਰੇ ਕਿਹੜੇ ਜਨਮ ਦੀਆਂ ਇਹ ਮਿਲੀਆਂ ਘੋਰ ਸਜ਼ਾਵਾਂ।

ਜਦ ਤਕ ਤੇਰਾ ਸਾਥ 'ਮਧੂ' ਹੈ ਪੱਤਝੜ ਵੀ ਹੈ ਚੇਤਰ,
ਤੇਰੇ ਬਾਝੋਂ ਚੇਤਰ ਵਿਚ ਵੀ ਛਾਹੀਆਂ ਰਹਿਣ ਖਿਜ਼ਾਵਾਂ।

ਇਹ ਧਰਤੀ ਵੀ ਕਾਹਦੀ ਧਰਤੀ ਏਥੇ ਕਾਹਦਾ ਜੀਣਾ
ਸਾਡੇ ਰੰਗਲੇ ਸੰਦਲੀ ਸੁਪਨੇ ਨੋਚ ਲਏ ਸਭ ਕਾਂਵਾਂ।

ਜ਼ੁਲਮ ਸਿਤਮ ਦੀ ਕੈਂਚੀ ਜਿਸ ਦੀ ਜੀਭ ਪਰਾਂ ਨੂੰ ਕੱਟਿਆ
ਮੰਗੇ ਉਸ ਬੁੱਲਬੁੱਲ ਦੀ ਖਾਤਿਰ ਨਿੱਤ 'ਕੁਲਵੰਤ' ਦੁਆਵਾਂ।

□

ਮੈਂ ਨੈਣਾ ਦੇ ਸਾਗਰ ਉਛਾਲੇ ਬੜੇ ਨੇ।
ਮੇਰੇ ਦਿਲ ਤੇ ਹਾਲੀ ਵੀ ਛਾਲੇ ਬੜੇ ਨੇ।

ਕਿੰਵੇਂ ਸੱਚ ਕਹਾਂ ਮੈਂ ਕਿੰਵੇਂ ਦਰਦ ਫੋਲਾਂ
ਹੋਠਾਂ ਤੇ ਮੇਰੇ ਤਾਂ ਤਾਲੇ ਬੜੇ ਨੇ।

ਬੇਦਾਗ਼ ਬਾਹਰੋਂ ਜੋ ਦਿਸਦੇ ਨੇ ਸਾਨੂੰ
ਅੰਦਰੋਂ ਮਨਾਂ ਦੇ ਉਹ ਕਾਲੇ ਬੜੇ ਨੇ।

ਕਾਤਲ ਲੁਟੇਰੇ ਜਬਰ ਢਾਹ ਰਹੇ ਜੋ
ਸ਼ਾਹਾ ਨੇ ਖ਼ੂਨੀ ਉਹ ਪਾਲੇ ਬੜੇ ਨੇ।

ਇਨਸਾਨ ਇਕ ਵੀ ਤਾਂ ਮੁਸ਼ਕਿਲ ਹੈ ਮਿਲਦਾ
ਬੜੇ ਗੁਰਦੁਆਰੇ ਸ਼ਿਵਾਲੇ ਬੜੇ ਨੇ।

ਜੋ ਲਾਉਂਦੇ ਨੇ ਕਿਧਰੇ, ਬੁਝਾਉਂਦੇ ਨੇ ਕਿਧਰੇ
ਉਹ ਹਮਦਰਦ ਸਾਡੇ ਨਿਰਾਲੇ ਬੜੇ ਨੇ।

ਗਊਆਂ ਨੂੰ ਬੁੱਚੜ ਕਤਲ ਕਰ ਰਹੇ ਨੇ
ਖੜੇ ਹੱਸ ਰਹੇ ਪਰ ਗਵਾਲੇ ਬੜੇ ਨੇ।

ਮੈਨੂੰ ਵੀ ਸ਼ਾਇਰੀ ਦਾ ਈਨਾਮ ਮਿਲਿਐ
ਮੇਰੇ ਲਈ ਜ਼ਹਿਰ ਦੇ ਪਿਆਲੇ ਬੜੇ ਨੇ।

□

ਮੈਂ ਆਪਣੇ ਕੁਝ ਗੀਤ ਸੁਣਾ ਕੇ ਤੁਰ ਜਾਵਾਂਗਾ।
ਦਿਲ ਵਿਚ ਦਿਲ ਦਾ ਦਰਦ ਛੁਪਾ ਕੇ ਤੁਰ ਜਾਵਾਂਗਾ।

ਕੀ ਹੋਇਆ ਜੇ ਸੂਰਜ ਬਣ ਕੇ ਚੜ੍ਹ ਨਈਂ ਸਕਿਆ,
ਨ੍ਹੇਰੇ ਵਿਚ ਪਰ ਦੀਪ ਜਗਾ ਕੇ ਤੁਰ ਜਾਵਾਂਗਾ।

ਤੇਰਾ ਜੀਵਨ ਜੇ ਕਰ ਰੌਸ਼ਨ ਹੋ ਸਕਦਾ ਹੈ,
ਮੈਂ ਆਪਣੇ ਸਭ ਸੁਪਨ ਜਲਾ ਕੇ ਤੁਰ ਜਾਵਾਂਗਾ।

ਦਿਲ ਦੇ ਪੰਨਿਆਂ ਤੇ ਜੋ ਤੈਨੂੰ ਖਤ ਲਿਖਦਾ ਹਾਂ,
ਸੀਨੇ ਵਿਚ ਉਹ ਸਭ ਦਫ਼ਨਾ ਕੇ ਤੁਰ ਜਾਵਾਂਗਾ।

ਕੀ ਹੋਇਆ ਜੇ ਤੂੰ ਨਾ ਆਪਣਾ ਕੌਲ ਨਿਭਾਇਆ
ਮੈਂ ਅਪਣੇ ਪਰ ਬੋਲ ਪੁਗਾ ਕੇ ਤੁਰ ਜਾਵਾਂਗਾ।

ਤੇਰੇ ਬਾਝੋਂ ਕੌਣ ਹੈ ਜਿਸ ਤੇ ਰੋਸ ਕਰਾਂ ਮੈਂ
ਰਹਿੰਦੇ ਹੰਝੂ ਚਾਰ ਗਿਰਾ ਕੇ ਤੁਰ ਜਾਵਾਂਗਾ।

ਹਾਵੇ ਹੌਂਕੇ ਬੇਚੈਨੀ ਕਸਕਾਂ ਬਦਨਾਮੀਂ
ਬਿਰਹੋਂ ਗ਼ਮ ਤੇ ਪੀੜ ਹੰਢਾ ਕੇ ਤੁਰ ਜਾਵਾਂਗਾ।

ਜ਼ਖਮਾਂ ਨੂੰ ਅਸੀਂ ਜਦ ਵੀ ਕਦੀ ਛੁਪਾਇਆ ਹੈ।
ਪੀੜਾਂ ਸਾਨੂੰ ਹੋਰ ਸਗੋਂ ਤੜਪਾਇਆ ਹੈ।

ਤੇਰੇ ਹੁੰਦਿਆਂ ਸ਼ਹਿਰ ਜੋ ਲਗਦਾ ਆਪਣਾ ਸੀ
ਤੇਰੇ ਬਾਝੋਂ ਲਗਦਾ ਸ਼ਹਿਰ ਪਰਾਇਆ ਹੈ।

ਘਰ ਤੇਰੇ ਦੇ ਕੋਲੋਂ ਜਦ ਵੀ ਗੁਜ਼ਰੇ ਹਾਂ,
ਕਾਅਬਾ ਮੰਨ ਕੇ ਉਸ ਨੂੰ ਸੀਸ ਨਿਵਾਇਆ ਹੈ।

ਤਪਦੇ ਥਲ ਵਿਚ ਦਰਦ ਸੁਣਾਈਏ ਕਿਸ ਤਾਈਂ
ਸਾਨੂੰ ਛਡਦਾ ਜਾਂਦਾ ਆਪਣਾ ਸਾਇਆ ਹੈ।

ਆਪਣਾ ਹੋ ਕੇ ਵੀ ਤੂੰ ਆਪਣਾ ਬਣਿਉਂ ਨਾ,
ਗ਼ਮ ਵੈਰੀ ਅਜ ਬਣ ਬੈਠਾ ਹਮਸਾਇਆ ਹੈ।

ਕੌਣ ਕਹੇ ਕਿ ਸਾਡੇ ਕੁਝ ਵੀ ਕੋਲ ਨਹੀਂ
ਤੇਰਾ ਬਿਰਹਾ ਉਮਰਾਂ ਦਾ ਸਰਮਾਇਆ ਹੈ।

ਤੇਰੇ ਮੁੱਖ ਦਾ ਪਿਆ ਭੁਲੇਖਾ ਹਰ ਵਾਰੀ
ਬੱਦਲਾਂ ਵਿਚੋਂ ਜਦ ਵੀ ਚੰਨ ਮੁਸਕਾਇਆ ਹੈ।

ਲਿਸ਼ਕ ਰਿਹਾ ਹੈ ਸੂਰਜ ਫਿਰ ਵੀ ਨ੍ਹੇਰਾ ਹੈ,
ਜਦ ਤੋਂ ਮੇਰਾ ਸੂਰਜ ਕਿਸੇ ਚੁਰਾਇਆ ਹੈ।

□

ਆਏ ਹੋ ਆ ਕੇ ਜਾਣ ਦੀ ਨਾ ਗਲ ਕਰੋ ਕੋਈ।
ਦਿਲ ਨੂੰ ਮਿਰੇ ਜਲਾਣ ਦੀ ਨਾ ਗਲ ਕਰੋ ਕੋਈ।

ਜੇ ਹੋ ਸਕੇ ਤਾਂ ਲਾ ਦਿਉ ਫੱਟਾਂ ਤੇ ਕੁਝ ਮਰ੍ਹਮ,
ਜ਼ਖ਼ਮਾਂ ਤੇ ਲੂਣ ਪਾਣ ਦੀ ਨਾ ਗਲ ਕਰੋ ਕੋਈ।

ਮੁਸਕਰਾ ਕੇ ਪਿਆਰ ਦੀ ਛੇੜੋ ਕੋਈ ਗ਼ਜ਼ਲ,
ਗੁੱਸੇ 'ਚ ਕਹਿਰ ਢ੍ਹਾਣ ਦੀ ਨਾ ਗਲ ਕਰੋ ਕੋਈ।

ਲਿਖਿਆ ਸੀ ਹਰਫ ਪਿਆਰ ਦਾ ਆਪਾਂ ਦੂਹਾਂ ਨੇ ਜੋ,
ਉਸ ਨੂੰ ਤੁਸੀਂ ਮਿਟਾਣ ਦੀ ਨਾ ਗਲ ਕਰੋ ਕੋਈ।

ਨਜ਼ਰਾਂ ਹੀ ਨਜ਼ਰਾਂ ਨਾਲ ਕੁਝ ਕੁ ਮੈਅ ਪਿਲਾ ਦਿਉ,
ਨਜ਼ਰਾਂ ਨੂੰ ਪਰ ਚੁਰਾਣ ਦੀ ਨਾ ਗਲ ਕਰੋ ਕੋਈ।

ਜਿੰਦੂ ਮੇਰੀ ਹੈ ਤੜਪਦੀ ਪੀੜਾਂ ਸੁਲਾ ਦਿਉ,
ਪੀੜਾਂ ਨੂੰ ਪਰ ਜਗਾਣ ਦੀ ਨਾ ਗਲ ਕਰੋ ਕੋਈ।

ਦੇਵੋ ਜ਼ਹਿਰ ਜੇ ਕਰ ਤੁਸੀਂ ਮੈਂ ਹੱਸ ਕੇ ਪੀ ਲਵਾਂ,
ਐਪਰ ਦਿਲੋਂ ਭੁਲਾਣ ਦੀ ਨਾ ਗਲ ਕਰੋ ਕੋਈ।

ਥੋੜੇ ਹੀ ਚਿਰ ਦਾ ਹੋਰ ਬਸ ਹੁਣ ਤਾਂ ਮਹਿਮਾਨ ਹੈ,
'ਕੁਲਵੰਤ' ਨੂੰ ਸਤਾਣ ਦੀ ਨਾ ਗਲ ਕਰੋ ਕੋਈ।

□

ਸਾਡੇ ਨਾਲ ਚਾਹੇ ਫੁੱਲਾਂ ਨਾ ਪੁਗਾਈ ਦੋਸਤੀ।
ਅਸੀਂ ਕੰਡਿਆਂ ਦੇ ਨਾਲ ਵੀ ਨਿਭਾਈ ਦੋਸਤੀ।

ਸਾਡੇ ਰਾਹ ਵਿਚ ਜਿੰਨੀਆਂ ਵੀ ਆਈਆਂ ਔਕੜਾਂ
ਸਾਡੀ ਹੁੰਦੀ ਗਈ ਹੋਰ ਵੀ ਸਵਾਈ ਦੋਸਤੀ।

ਸੱਤਾਂ ਸਵਰਗਾਂ ਦਾ ਮੁੱਲ ਉਹਦੇ ਸਾਂਹਵੇਂ ਕੱਖ ਨਾ,
ਅਸੀਂ ਜ਼ਿੰਦਗੀ 'ਚ ਇਕ ਜੋ ਕਮਾਈ ਦੋਸਤੀ।

ਉਹਨਾਂ ਆਪਣੇ ਕਰਾਰ ਚਾਹੇ ਦਿਤੇ ਨੇ ਵਿਸਾਰ,
ਅਸੀਂ ਕਦੀ ਵੀ ਨਾ ਉਹਨਾਂ ਦੀ ਭੁਲਾਈ ਦੋਸਤੀ।

ਉਹਨੂੰ ਡਾਲਰਾਂ ਤੇ ਸਿੱਕਿਆਂ ਅਖੀਰ ਮੋਹ ਲਿਆ,
ਅਸੀਂ ਜਿੰਨਾਂ ਦੇ ਸੀ ਰਾਹਾਂ 'ਚ ਵਿਛਾਈ ਦੋਸਤੀ।

ਜਿਹੜਾ ਤੁਰ ਗਿਆ ਦੂਰ ਸਾਨੂੰ ਕਰਕੇ ਬੇਨੂਰ,
ਅਸੀਂ ਸਾਹਾਂ ਵਿਚ ਓਸ ਦੀ ਰਚਾਈ ਦੋਸਤੀ,

ਖਿੰਡੀ ਸਾਰੇ ਖੁਸ਼ਬੋ ਹੋ ਗਈ ਸਭਨਾਂ ਨੂੰ ਸੋਅ,
ਅਸੀਂ ਦੁਨੀਆਂ ਤੋਂ ਜਿੰਨੀਂ ਵੀ ਛੁਪਾਈ ਦੋਸਤੀ।

ਉਹਦੀ ਦੋਸਤੀ ਦਾ ਰਾਗ ਸਾਡੀ ਜਿੰਦ ਦਾ ਚਿਰਾਗ,
ਕੀਤੀ ਨ੍ਹੇਰਿਆਂ 'ਚ ਸਦਾ ਰੁਸ਼ਨਾਈ ਦੋਸਤੀ।

❑

ਅਸੀਂ ਜਿੰਨਾਂ ਨੂੰ ਹਾਂ ਪੂਜਦੇ ਦੀਵਾਨਿਆਂ ਦੇ ਵਾਂਗ।
ਸਾਨੂੰ ਛਡ ਕੇ ਉਹ ਤੁਰ ਗਏ ਬੇਗਾਨਿਆਂ ਦੇ ਵਾਂਗ।

ਸਾਡੀ ਵਿੰਨੀ ਹੋਈ ਰੂਹ ਪੀੜਾਂ ਨਾਲ ਕੁਰਲਾਏ,
ਲੋਕੀਂ ਗਾਣ ਇਹਨਾਂ ਪੀੜਾਂ ਨੂੰ ਤਰਾਨਿਆਂ ਦੇ ਵਾਂਗ।

ਘੜੀ ਰੂਪ ਦੀ ਝਨਾਂ ਦੇ ਕੰਢੇ ਬੈਠਿਆ ਜੋ ਮੈਂ,
ਲੋਕਾਂ ਘੜ ਲਈਆਂ ਗਲ੍ਹਾਂ ਅਫ਼ਸਾਨਿਆਂ ਦੇ ਵਾਂਗ।

ਸਾਨੂੰ ਜਿੰਨਾਂ ਨੇ ਸੀ ਆਪਣਾ ਭਵਿੱਖ ਆਖਿਆ,
ਅੱਜ ਉਹਨਾਂ ਲਈ ਹਾ ਗੁਜ਼ਰੇ ਜ਼ਮਾਨਿਆਂ ਦੇ ਵਾਂਗ।

ਸਾਨੂੰ ਜਿੰਨਾਂ ਤੇ ਸੀ ਮਾਣ ਸੱਚੇ ਰੱਬ ਦੇ ਸਮਾਨ,
ਸਾਨੂੰ ਸੁੱਟ ਗਏ ਉਹ ਸਖਣੇ ਪੈਮਾਨਿਆਂ ਦੇ ਵਾਂਗ।

ਅਸੀਂ ਜਿੰਨੇ ਵੀ ਭੁਲਾਏ ਹੋਏ ਦੂਣ ਤੇ ਸਵਾਏ,
ਗ਼ਮ ਵਧ ਗਏ ਨੇ ਕਾਰੂੰ ਦੇ ਖ਼ਜ਼ਾਨਿਆਂ ਦੇ ਵਾਂਗ।

ਉਹਨੂੰ ਰੂਪ ਤੇ ਗੁਮਾਨ ਸਾਨੂੰ ਇਸ਼ਕੇ ਤੇ ਮਾਣ
ਚੱਲੇ ਸ਼ਮ੍ਹਾਂ ਤੋਂ ਹਾਂ ਸੜ ਪਰਵਾਨਿਆਂ ਦੇ ਵਾਂਗ।

□

ਜਲਵਾ ਹੁਸਨ ਦਾ ਵਿਖਾਇਆ ਕਿਸੇ ਨੇ।
ਦੀਵਾਨਾ ਹੈ ਅਪਣਾ ਬਣਾਇਆ ਕਿਸੇ ਨੇ।

ਮੇਰੇ ਦਿਲ ਤੇ ਨਸ਼ਤਰ ਚਲਾਇਆ ਕਿਸੇ ਨੇ।
ਮੇਰਾ ਦਿਲ ਬੜਾ ਹੀ ਦੁਖਾਇਆ ਕਿਸੇ ਨੇ।

ਤੜਪਦਾ ਰਹਾਂ ਮੈਂ ਤੇ ਦਮ ਵੀ ਨਾ ਨਿਕਲੇ,
ਸੂਲੀ ਤੇ ਐਸਾ ਚੜ੍ਹਾਇਆ ਕਿਸੇ ਨੇ।

ਅੰਬਰ 'ਚ ਉਡਦਾ ਮੈਂ ਡਿਗਿਆ ਜ਼ਮੀਂ 'ਤੇ,
ਨਜ਼ਰਾਂ 'ਚੋਂ ਐਸਾ ਗਿਰਾਇਆ ਕਿਸੇ ਨੇ।

ਇਤਬਾਰ ਹਾਲੀ ਵੀ ਆਉਂਦਾ ਨਹੀਂ ਹੈ,
ਮੇਰੇ ਸੰਗ ਨਾਟਕ ਰਚਾਇਆ ਕਿਸੇ ਨੇ।

ਭੁਲੇਖਾ ਜਿਹਾ ਸੀ ਬੜਾ ਦੋਸਤੀ ਦਾ,
ਭੁਲੇਖਾ ਉਹ ਪਲ ਵਿਚ ਮਿਟਾਇਆ ਕਿਸੇ ਨੇ।

ਕਰਦਾ ਰਿਹਾ ਮੈਂ ਇਬਾਦਤ ਕਿਸੇ ਦੀ
ਨਾ ਪਰ ਖ਼ੈਰ ਵਸਲਾਂ ਦਾ ਪਾਇਆ ਕਿਸੇ ਨੇ।

□

ਤੂੰ ਜਦ ਫੇਰਾ ਪਾਇਆ ਮੇਰੇ ਵਿਹੜੇ ਵਿਚ।
ਚਾਨਣ ਉੱਤਰ ਆਇਆ ਮੇਰੇ ਵਿਹੜੇ ਵਿਚ।

ਮੌਜ ਬਹਾਰਾਂ ਹਾਸੇ ਖੁਸ਼ੀਆਂ ਖੇਡ ਰਹੇ,
ਕਿੰਨਾਂ ਹੈ ਸਰਮਾਇਆ ਮੇਰੇ ਵਿਹੜੇ ਵਿਚ

ਤੇਰੇ ਆਉਣ ਤੋਂ ਪਹਿਲਾਂ ਜੋ ਕੁਮਲਾਇਆ ਸੀ,
ਹਰ ਪੱਤਾ ਮੁਸਕਾਇਆ ਮੇਰੇ ਵਿਹੜੇ ਵਿਚ।

ਮਜਬੂਰੀ ਨੇ ਜਦ ਵੀ ਤੈਨੂੰ ਰੋਕ ਲਿਆ,
ਤੇਰਾ ਸਾਇਆ ਆਇਆ ਮੇਰੇ ਵਿਹੜੇ ਵਿਚ।

ਹਰ ਸ਼ੈਅ ਮੈਨੂੰ ਮਹਿਕੀ ਮਹਿਕੀ ਲਗਦੀ ਹੈ,
ਯਾਦਾਂ ਮਰੂਆ ਲਾਇਆ ਮੇਰੇ ਵਿਹੜੇ ਵਿਚ।

□

ਸਭ ਕੁਝ ਵੀ ਦੇ ਕੇ ਨਜ਼ਰਾਨਾ।
ਪਿਆਰ ਨਾ ਮੰਗਦਾ ਕੁਝ ਇਵਜ਼ਾਨਾ।

ਲੁੱਕ ਲੁੱਕ ਰੋਣਾ ਅੱਥਰੂ ਪੀਣੇ,
ਵੇਖ ਕੇ ਦਿਲਬਰ ਪਰ ਮੁਸਕਾਨਾ।

ਲੋਕਾਂ ਭਾਣੇ ਸੁੰਦਰ ਬੁੱਤ ਜੋ,
ਸਮਝੇ ਉਸ ਨੂੰ ਰੱਬ ਦੀਵਾਨਾ।

ਆਸ਼ਿਕ ਸਿਦਕ ਭੁਲਾਂਦੇ ਨਾਹੀਂ,
ਦੁਸ਼ਮਣ ਚਾਹੇ ਕੁਲ ਜ਼ਮਾਨਾ।

ਦੋ ਦਿਲ ਕਿਧਰੇ ਜਦ ਮਿਲਦੇ ਨੇ,
ਬਣ ਜਾਂਦਾ ਹੈ ਇਕ ਅਫ਼ਸਾਨਾ।

ਜੋ ਨਜ਼ਰਾਂ 'ਚੋਂ ਮੈਅ ਪੀਂਦੇ ਨੇ,
ਭੁੱਲ ਜਾਂਦੇ ਨੇ ਹਰ ਮੈਅ-ਖਾਨਾ।

ਮਿਲ ਜਾਏ ਜੇ ਦਿਲ ਦਾ ਮਹਿਰਮ,
ਮਿਲ ਜਾਏ ਅਣਮੋਲ ਖ਼ਜ਼ਾਨਾ।

□

ਦਿਖਾ ਕੇ ਇਕ ਝਲਕ ਨੂਰੀ, ਹੈ ਜਾਦੂ ਕਰ ਗਿਆ ਕੋਈ।
ਮਿਲਾ ਕੇ ਨੈਣ ਮਤਵਾਲੇ ਸੁਰਾਹੀ ਭਰ ਗਿਆ ਕੋਈ।

ਗੁਲਾਬੀ ਹੋਂਠ, ਚੰਨ ਮੁੱਖੜਾ ਤੇ ਰਿਸ਼ਮਾਂ ਵਾਲ ਸਨ ਉਸ ਦੇ,
ਉਹ ਕੀ ਜਾਣੇ ਕਿ ਉਸ ਦੀ ਹਰ ਅਦਾ 'ਤੇ ਮਰ ਗਿਆ ਕੋਈ।

ਬਦਲ ਤਕਦੀਰ ਸਕਦੀ ਸੀ ਸਮਾਂ ਕੁਝ ਹੋਰ ਹੋਣਾ ਸੀ,
ਜ਼ਮਾਨੇ ਦੇ ਰਿਵਾਜਾਂ ਤੋਂ ਹੀ ਐਵੇਂ ਡਰ ਗਿਆ ਕੋਈ।

ਮਿਲੀ ਜੋ ਦਰਦ ਦੀ ਦੌਲਤ ਨਹੀਂ ਮੁਕਣੀ ਲੁਟਾਇਆਂ ਵੀ,
ਦਿਲੇ ਦੀ ਝੋਲ ਸੱਖਣੀ ਨੂੰ ਹੈ ਐਸਾ ਭਰ ਗਿਆ ਕੋਈ।

ਨਾ ਮੰਨਦਾ ਹੈ, ਨਾ ਰੁਸਦਾ ਹੈ, ਨਾ ਕੁਝ ਸੁਣਦਾ ਸੁਣਾਂਦਾ ਹੈ,
ਖਿਲੌਣਾ ਯਾਦ ਦਾ ਐਸਾ ਤਲੀ 'ਤੇ ਧਰ ਗਿਆ ਕੋਈ।

☐

ਵੇਖੇ ਨੇ ਮੈਂ ਲੱਖਾਂ ਫੁੱਲ।
ਪਰ ਨਾ ਕੋਈ ਤੇਰੇ ਤੁੱਲ।

ਜਦ ਤੋਂ ਤੈਨੂੰ ਵੇਖ ਲਿਆ,
ਭੁੱਲ ਗਿਆ ਮੈਂ ਸਾਰੇ ਫੁੱਲ।

ਤੇਰਾ ਸੁੰਦਰ ਗੋਰਾ ਮੁੱਖ,
ਇਸ ਦੇ ਵਰਗਾ ਕਿਹੜਾ ਫੁੱਲ ?

ਊਸ਼ਾ ਵੇਖ ਕੇ ਸ਼ਰਮਾਈ,
ਸੂਹੇ ਸੂਹੇ ਤੇਰੇ ਬੁੱਲ੍ਹ ।

ਆਵੇਂ ਜਦ ਵੀ ਘਰ ਵਿਚ ਤੂੰ,
ਮਹਿਕਾਂ ਜਾਣ ਚੁਫ਼ੇਰੇ ਝੁੱਲ।

ਹੱਸ ਕੇ ਜਦ ਵੀ ਬੋਲੇਂ ਤੂੰ,
ਮਿਸ਼ਰੀ ਜਾਏ ਰੂਹ ਵਿਚ ਘੁੱਲ।

ਜੇ ਕਰ ਤੇਰਾ ਸਾਥ ਮਿਲੇ,
ਭੁੱਲ ਜਾਵਾਂ ਮੈਂ ਪੀੜਾਂ ਕੁੱਲ।

ਸਭ ਕੁਝ ਮੁੱਲ ਤੋਂ ਮਿਲ ਜਾਏ,
ਪਿਆਰ ਮਿਲੇ ਨਾ ਕਿਧਰੋਂ ਮੁੱਲ।

ਇਹ ਕੈਸੀ ਰੁੱਤ ਆਈ ਹੈ।
ਹਰ ਡਾਲੀ ਕੁਮਲਾਈ ਹੈ।

□

ਪੌਣਾਂ ਵਿਚ ਹਟਕੋਰੇ ਨੇ,
ਮਾਤਮ ਦੀ ਘੱਟ ਛਾਈ ਹੈ।

ਬੁੱਲਬੁੱਲ ਕੋਈ ਗਾਵੇ ਨਾ,
ਹਰ ਕੋਇਲ ਪਥਰਾਈ ਹੈ।

ਸੁਪਨੇ ਸੜਦੇ ਜਾਂਦੇ ਨੇ,
ਕਿਸ ਚੰਦਰੇ ਅੱਗ ਲਾਈ ਹੈ।

ਕਿਹੜੀ ਪੀੜ ਬਿਗ਼ਾਨੀ ਹੈ,
ਮੈਂ ਹਰ ਪੀੜ ਹੰਢਾਈ ਹੈ।

ਪੱਤਾ ਪੱਤਾ ਨੀਲਾ ਹੈ,
ਕਿਸ ਨੇ ਜ਼ਹਿਰ ਪਿਲਾਈ ਹੈ।

ਸਾਨੂੰ ਰੋਸਾ ਸੱਜਣਾਂ ਦਾ,
ਕੋਂਹਦਾ ਵਾਂਗ ਕਸਾਈ ਹੈ।

ਬਿਰਹੋਂ ਵੱਢ ਵੱਢ ਖਾਂਦਾ ਹੈ,
ਕਸਕਾਂ ਜਿੰਦ ਤੜਪਾਈ ਹੈ।

ਉਸ ਨੂੰ ਕੁਝ ਵੀ ਸਾਰ ਨਹੀਂ,
ਜਿਸ ਲੇਖੇ ਜਿੰਦ ਲਾਈ ਹੈ।

ਜੀਵਨ ਦੇ ਹਰ ਗ਼ਮ ਨੂੰ ਮੈਂ,
ਪੀਤਾ ਵਾਂਗ ਦਵਾਈ ਹੈ।

ਨ੍ਹੇਰੇ ਵਿਚ ਤੂਫ਼ਾਨਾਂ ਵਿਚ,
ਯਾਦਾਂ ਦੀ ਰੁਸ਼ਨਾਈ ਹੈ।

ਆ ਮਿਲ ਹੁਣ ਤੇ ਸੱਜਣਾਂ ਵੇ,
ਜਾਨ ਲਬਾਂ ਤੇ ਆਈ ਹੈ।

ਕੌਣ ਕਹਿੰਦਾ ਹੈ ਕਿ ਮੈਨੂੰ ਖ਼ੁਦਕਸ਼ੀ ਨੇ ਮਾਰਿਐ।
ਮਾਰਿਐ ਮੈਨੂੰ ਤਾਂ ਤੇਰੀ ਬੇਰੁਖ਼ੀ ਨੇ ਮਾਰਿਐ।

ਕਰਦੋਂ ਕਦੀ ਜੇ ਦੁਸ਼ਮਣੀ ਤਾਂ ਕੁਝ ਨਹੀਂ ਸੀ ਵਿਗੜਣਾ,
ਮਾਰਿਐ ਝੂਠੀ ਤੇਰੀ ਪਰ ਦੋਸਤੀ ਨੇ ਮਾਰਿਐ।

ਚੂਸ ਲੈਂਦਾ ਮਾਂਦਰੀ ਹੁੰਦੀ ਜ਼ਹਿਰ ਜੇ ਨਾਗ ਦੀ,
ਕੀ ਕਰਾਂ ਡੰਗ ਹਿਜਰ ਦੀ ਪਰ ਨਾਗਨੀ ਨੇ ਮਾਰਿਐ।

ਸ਼ਾਇਦ ਜੰਗਲ ਵਿਚ ਵੀ ਰਸਤੇ ਦਾ ਚਲ ਜਾਂਦਾ ਪਤਾ,
ਪਰ ਅਸਾਂ ਨੂੰ ਰਹਿਬਰਾਂ ਦੀ ਰਹਿਬਰੀ ਨੇ ਮਾਰਿਐ।

ਮੈਂ ਹਕੀਕਤ ਸਮਝ ਬੈਠਾ ਤੇਰੇ ਭਾਣੇ ਖੇਡ ਸੀ,
ਕਿਸ ਤਰ੍ਹਾਂ ਬਚਦਾ ਤੇਰੀ ਇਸ ਦਿਲ-ਲਗੀ ਨੇ ਮਾਰਿਐ।

ਕੰਡਿਆਂ ਦੀ ਚੋਭ ਕੋਲੋਂ ਭੌਰ ਸੀ ਜੋ ਬਚ ਗਿਆ,
ਓਸ ਨੂੰ ਇਕ ਟਹਿਕਦੀ ਕੋਮਲ ਕਲੀ ਨੇ ਮਾਰਿਐ।

ਕੀ ਕਹਾਂ, ਕੀ ਨਾ ਕਹਾਂ, ਕਿਸ ਤਰ੍ਹਾਂ ਉਸ ਨੂੰ ਕਹਾਂ ?
ਮਾਰਿਐ ਮੈਨੂੰ ਮੇਰੀ ਇਸ ਬੇਬਸੀ ਨੇ ਮਾਰਿਐ।

ਆਖਦੇ ਸੀ ਉਮਰ ਭਰ ਜਿਹੜੇ ਨਿਭਾਵਾਂਗੇ ਅਸੀਂ,
ਉਹਨਾਂ ਦੇ ਉਲਟੇ ਫ਼ੈਸਲੇ ਦੀ ਹੀ ਘੜੀ ਨੇ ਮਾਰਿਐ।

ਮੌਤ ਦੇ ਸਿਰ ਦੋਸ਼ ਨਾ ਲਾਉਣਾ ਮੇਰੇ ਮਰ ਜਾਣ 'ਤੇ
'ਕੁਲਵੰਤ' ਨੂੰ ਤਾਂ ਸੁਪਨਿਆਂ ਦੀ ਇਕ ਪਰੀ ਨੇ ਮਾਰਿਐ।

❐

ਜਿਸ ਤੋਂ ਮਿਲੇ ਨੇ ਹੌਕੇ, ਜਿਸ ਤੋਂ ਹੈ ਦਰਦ ਪਾਇਆ।
ਹਰ ਵਕਤ ਓਸ ਦਾ ਹੀ ਮੈਨੂੰ ਖ਼ਿਆਲ ਆਇਆ।

ਵਟਣਾ ਜੋ ਮਲ ਲਿਆ ਉਸ, ਮਹਿੰਦੀ ਜੋ ਲਾ ਲਈ ਉਸ,
ਮੈਂ ਬਣ ਗਿਆ ਬਿਗ਼ਾਨਾ ਮੈਂ ਹੋ ਗਿਆ ਪਰਾਇਆ।

ਪੁੰਨਿਆਂ ਦਾ ਚੰਨ ਗੋਰਾ ਤਕਿਆ ਮੈਂ ਜਾ ਰਿਹਾ ਸੀ,
ਸ਼ਗਨਾਂ ਦਾ ਉਸ ਨੇ ਘੁੰਗਟ ਚਿਹਰੇ 'ਤੋਂ ਜਾਂ ਹਟਾਇਆ।

ਝੱਖੜ ਨੇ ਹੌਕਿਆਂ ਦੇ ਹੰਝੂਆਂ ਝੜੀ ਲਗਾਈ,
ਮੌਸਿਮ ਇਹ ਕਿਸ ਤਰ੍ਹਾਂ ਦਾ, ਚੰਦਰਾ ਅਜੀਬ ਆਇਆ।

ਹੁਸਨਾਂ ਦੀ ਝੀਲ ਕੰਢੇ ਬੈਠਾ ਰਿਹਾ ਪਿਆਸਾ
ਇਕ ਬੂੰਦ ਮੰਗ ਨਾ ਹੋਈ, ਇਕ ਘੁੱਟ ਨਾ ਉਸ ਪਿਲਾਇਆ।

ਮਿਟਦੀ ਨਹੀਂ ਹੈ ਭਟਕਨ ਇਕ ਪਲ ਨਾ ਚੈਨ ਆਵੇ,
ਇਸ਼ਕੇ ਨੇ ਕਿਸ ਤਰ੍ਹਾਂ ਦਾ ਦਿਲ ਨੂੰ ਹੈ ਰੋਗ ਲਾਇਆ।

ਮਿਲ ਵੀ ਗਏ ਜੇ ਕਿਧਰੇ ਤਾਂ ਦੂਰ ਹੀ ਰਹੇ ਹਾਂ,
ਮਜਬੂਰੀਆਂ ਦਾ ਮਿਟਿਆ ਸਾਡੇ ਸਿਰੋਂ ਨਾ ਸਾਇਆ।

ਮੇਰੇ ਮਰਨ ਦੇ ਪਿਛੋਂ ਇਤਬਾਰ ਉਸ ਨੂੰ ਆਉਣੈ
ਆਪਣੀ ਤਲੀ ਤੇ ਜਿਸ ਲਈ, ਮੈਂ ਸੀਸ ਹੈ ਟਿਕਾਇਆ।

ਕੋਈ ਗੀਤ ਬਣ ਗਿਆ ਹੈ, ਬਣਿਆ ਗ਼ਜ਼ਲ ਹੈ ਕੋਈ,
'ਕੁਲਵੰਤ' ਨੇ ਹੈ ਅਪਣਾ ਜਿਹੜਾ ਵੀ ਗ਼ਮ ਸੁਣਾਇਆ।

□

ਪਾਰੇ ਦੇ ਵਾਂਗ ਤੜਪਾਂ ਸ਼ਬਨਮ ਦੇ ਵਾਂਗ ਰੋਆਂ।
ਇਹ ਦਿਲ ਦਾ ਦਰਦ ਅਪਣਾ ਮੈਂ ਕਿਸ ਤਰ੍ਹਾਂ ਲਕੋਆਂ।

ਤੂੰ ਹੈਂ ਕਿ ਜਿਸ ਦੇ ਦਿਲ 'ਤੇ ਹੋਇਆ ਅਸਰ ਨਾ ਕੋਈ,
ਪੱਥਰ ਵੀ ਰੋ ਨੇ ਪੈਂਦੇ ਜਦ ਗ਼ਮ ਦਾ ਗੀਤ ਛੋਆਂ।

ਵਗਦੇ ਪਏ ਨੇ ਹੰਝੂ ਲਗੀ ਹੋਈ ਝੜੀ ਹੈ,
ਪੀੜਾਂ ਦਾ ਇਹ ਸਮੁੰਦਰ ਨੈਣੀਂ ਕਿਵੇਂ ਸਮੋਆਂ।

ਆਣਾ ਨਹੀਂ ਕਿਸੇ ਵੀ ਚਲ ਕੇ ਦੁਆਰ ਮੇਰੇ,
ਪਲਕਾਂ ਦੇ ਬਾਰ ਫਿਰ ਵੀ ਮੈਂ ਰਾਤ ਭਰ ਨਾ ਢੋਆਂ।

ਬਾਲਾਂ ਘਿਉ ਦੇ ਦੀਵੇ ਖੁਸ਼ੀਆਂ ਹਜ਼ਾਰ ਹੋਵਣ,
ਪਾਵੇਂ ਕਦੀ ਜੇ ਫੇਰਾ ਸ਼ਗਣਾਂ ਦਾ ਤੇਲ ਚੋਆਂ।

ਖਵਰੇ ਕਦੀ ਕਿਸੇ ਤੂੰ ਰਸਤੇ 'ਚ ਮਿਲ ਹੀ ਜਾਵੇਂ,
ਗੀਤਾਂ ਦੇ ਹਾਰ ਸੱਜਰੇ ਮੈਂ ਹਰ ਘੜੀ ਪਰੋਆਂ।

ਹਰ ਸ਼ਹਿਰ ਹਰ ਗਰਾਂ ਵਿਚ ਟੰਗਿਆ ਹੈ ਇਸ਼ਕ ਸੂਲ਼ੀ,
ਕਿੱਥੇ ਮੈਂ ਜਾ ਕੇ ਬੈਠਾਂ ਕਿਹੜੀ ਜਗ੍ਹਾ ਖਲੋਆਂ ?

□

ਗੋਰੇ ਮੁੱਖ 'ਤੋਂ ਜ਼ੁਲਫ਼ਾਂ ਜਦੋਂ ਹਟਾਵੇਂ ਤੂੰ।
ਚੰਨ ਦੀ ਰੁਸ਼ਨਾਈ ਨੂੰ ਪੀਲੀ ਪਾਵੇਂ ਤੂੰ।

ਖ਼ੁਸ਼ਬੋਆਂ ਖਿੰਡ ਜਾਣ ਉਜਾਲੇ ਹੋ ਜਾਵਣ,
ਇਕ ਵਾਰੀ ਵੀ ਜਿਧਰ ਦੀ ਲੰਘ ਜਾਵੇਂ ਤੂੰ।

ਓਸੇ ਰੁੱਖ ਦੇ ਹੇਠਾਂ ਹੀ ਧੁੱਪ ਹੋ ਜਾਵੇ,
ਜਿਹੜੇ ਰੁੱਖ ਦੀ ਬੈਠੇਂ ਜਾ ਕੇ ਛਾਵੇਂ ਤੂੰ।

ਸਾਡੇ ਹਿੱਸੇ ਯਾਦ ਤੇਰੀ ਵਿਚ ਧੁੱਖਣਾ ਏਂ,
ਸਾਨੂੰ ਭੁੱਲ ਕੇ ਯਾਦ ਕਰੇਂ ਨਾ ਭਾਵੇਂ ਤੂੰ।

ਖਿੜ ਜਾਵਨ ਗੁਲਜ਼ਾਰਾਂ ਮੇਰੇ ਵਿਹੜੇ ਵਿਚ,
ਇਕ ਵਾਰੀ ਵੀ ਆ ਕੇ ਜੇ ਮੁਸਕਾਵੇਂ ਤੂੰ

ਸ਼ਾਮ ਸਵੇਰੇ ਤੇਰੀ ਪੂਜਾ ਕਰਦੇ ਹਾਂ,
ਸਾਨੂੰ ਭਾਵੇਂ ਚਾਹਵੇਂ ਜਾਂ ਨਾ ਚਾਹਵੇਂ ਤੂੰ।

ਸੱਤ ਸਮੁੰਦਰ ਚੀਰ ਕੇ ਸੱਜਣਾਂ ਆ ਜਾਵਾਂ,
ਝੂਠੀ ਮੂਠੀ ਵੀ ਜੇ ਪਾਸ ਬੁਲਾਵੇਂ ਤੂੰ।

ਮੁੱਕ ਜਾਵੇ ਜੀਵਨ ਦੀ ਭਟਕਣ ਮੁੱਕ ਜਾਵੇ,
ਬਣ ਕੇ ਮੀਤ ਜੇ ਮੇਰਾ ਦਰਦ ਮਿਟਾਵੇਂ ਤੂੰ।

□

ਆਖ਼ਿਰ ਦਿਲਾ ਸੀ ਮਿਲਣਾ ਤੈਨੂੰ ਜਵਾਬ ਕੋਰਾ।
ਐਵੇਂ ਕਿਉਂ ਕਰ ਰਿਹਾ ਹੈਂ ਤਕਦੀਰ ਦਾ ਤੂੰ ਝੋਰਾ।

ਹੋਇਆ ਕੀ ਸਾਥ ਮਿਲਿਆ ਉਮਰਾਂ ਦਾ ਜੇ ਨਹੀਂ ਹੈ,
ਤੂੰ ਸ਼ੁਕਰ ਕਰ ਕੇ ਮਿਲਿਆ ਦੋ ਪਲ ਦਾ ਸਾਥ ਭੋਰਾ।

ਪੁੰਨਿਆਂ ਦਾ ਚੰਨ ਸੀ ਜਾਂ ਪ੍ਰਭਾਤ ਦਾ ਨਜ਼ਾਰਾ,
ਭੁਲਦਾ ਨਹੀਂ ਭੁਲਾਇਆਂ ਖਿੜਿਆ ਗੁਲਾਬ ਗੋਰਾ।

ਨੈਣਾਂ ਨਸ਼ੀਲਿਆਂ ਦੀ ਕਿੱਦਾਂ ਕੋਈ ਤਾਬ ਲਾਵੇ,
ਸੀਨੇ ਨੂੰ ਵਿੰਨ੍ਹ ਜਾਵੇ ਕੱਜਲ ਦਾ ਤੇਜ਼ ਡੋਰਾ।

ਗੋਰੇ ਬਦਨ 'ਚ ਉਸ ਦੇ ਮਹਿਕਾਂ ਦਾ ਵਾਸ ਏਦਾਂ,
ਹੋਵੇ ਅਤਰ ਦਾ ਭਰਿਆ ਚਾਂਦੀ ਦਾ ਜਿਉਂ ਕਟੋਰਾ।

ਮੀਲਾਂ ਦੇ ਚੀਰ ਕੇ ਪੰਧ ਮਹਿਰਮ ਨੂੰ ਜਾ ਮਿਲਾਂ ਮੈਂ,
ਯਾਦਾਂ ਦੀ ਪੌਣ ਜਦ ਵੀ ਦਿਲ ਨੂੰ ਦਵੇ ਹਿਲੋਰਾ।

'ਕੁਲਵੰਤ' ਆਪਣੇ ਹੰਝੂ ਆਪੇ ਤੂੰ ਪੀ ਲਿਆ ਕਰ,
ਹੈ ਕੌਣ ਕੋਲ ਤੇਰੇ ਜਿਸ ਨੂੰ ਦਵੇਂ ਨਿਹੋਰਾ।

□

ਹਰ ਪਲ ਕਿਵੇਂ ਹੈ ਬੀਤਦਾ ਬਿਰਹੋਂ ਦੇ ਪਹਿਰ ਦਾ।
ਸ਼ਿਅਰਾਂ 'ਚ ਮੇਰੇ ਜ਼ਿਕਰ ਹੈ ਇਸ ਗ਼ਮ ਦੇ ਕਹਿਰ ਦਾ।

ਰਜ ਕੇ ਨਹੀਂ ਸੀ ਵੇਖਿਆ ਪੁੰਨਿਆਂ ਦੇ ਚੰਨ ਨੂੰ,
ਹਾਏ ! ਜ਼ਮਾਨਾ ਬਣ ਗਿਆ ਬੁੱਲਾ ਕਿਉਂ ਗਹਿਰ ਦਾ।

ਲੈ ਕੇ ਤੇਰੀ ਤਸਵੀਰ ਨੂੰ ਸਾਹਵੇਂ ਮੈਂ ਬਹਿ ਗਿਆ,
ਉੱਠਿਆ ਜਦੋਂ ਵੀ ਵੇਗ ਹੈ ਯਾਦਾਂ ਦੀ ਲਹਿਰ ਦਾ।

ਤੇਰੀ ਨਜ਼ਰ ਦੀ ਘੂਰ ਨਾ ਮੈਥੋਂ ਸਹੀ ਗਈ,
ਗੁੱਸਾ ਮੈਂ ਹੱਸ ਕੇ ਸਹਿ ਲਿਆ ਗ਼ੈਰਾਂ ਦੇ ਕਹਿਰ ਦਾ।

ਸਾਥ ਤੇਰੇ ਰਾਤ ਵੀ ਉਜਲੀ ਸਵੇਰ ਸੀ,
ਸਰਘੀ ਦੇ ਸਾਹਵੇਂ ਕਿਸ ਤਰ੍ਹਾਂ ਹਨੇਰ ਠਹਿਰਦਾ।

ਲਾਉਂਦੇ ਨੇ ਪਹਿਰੇ ਪਿਆਰ ਤੇ ਪੜ੍ਹਦੇ ਨੇ ਹੀਰ ਵੀ,
ਕਿੰਨਾਂ ਅਜਬ ਦਸਤੂਰ ਹੈ ਤੇਰੇ ਇਸ ਸ਼ਹਿਰ ਦਾ।

ਸਾਰੀ ਉਮਰ ਪੀਂਦਾ ਰਿਹਾ ਪੀੜਾਂ ਸੁਲਾਣ ਲਈ,
ਕੁਝ ਵੀ ਅਸਰ, ਹੋਇਆ ਨਾ ਪਰ ਮੇਰੇ ਤੇ ਜ਼ਹਿਰ ਦਾ।

ਮੁੱਦਤ ਤੋਂ ਬਾਅਦ ਜਦ ਮਿਲੇ ਤਾਂ ਨੂਰ ਗ਼ਾਇਬ ਸੀ,
ਢਲਣਾ ਸੀ ਆਖ਼ਿਰ ਢਲ ਗਿਆ ਸੂਰਜ ਦੁਪਹਿਰ ਦਾ।

□

ਦੂਰੋਂ ਹੀ ਦੂਰੋਂ ਵੇਖ ਮੁਸਕਾਉਂਦੀ ਏ ਚਾਨਣੀ।
ਇਸ਼ਕੇ ਦੀ ਅੱਗ ਨੂੰ ਹੋਰ ਭੜਕਾਉਂਦੀ ਏ ਚਾਨਣੀ।

ਚੀਲਾਂ, ਚਿਨਾਰ, ਚਸ਼ਮੇਂ ਵੀ ਫਿਰ ਪੈਂਦੇ ਨਾ ਜਾਗ ਸਭ,
ਚਾਂਦੀ ਦੀ ਫੜ ਸਿਤਾਰ ਜਦ ਗਾਉਂਦੀ ਏ ਚਾਨਣੀ।

ਪਾਣੀ ਦਾ ਹਰ ਕਤਰਾ ਹੀ ਬਣ ਜਾਂਦਾ ਸ਼ਰਾਬ ਹੈ,
ਜਿਥੇ ਨਦੀ 'ਚ ਰਾਤ ਨੂੰ ਨ੍ਹਾਉਂਦੀ ਏ ਚਾਨਣੀ।

ਕੁਝ ਪਲ ਦਿਖਾ ਝਲਕ ਜਦੋਂ ਹੁੰਦੀ ਅਲੋਪ ਹੈ,
ਕਿੰਨਾਂ ਕਹਿਰ ! ਕਿੰਨਾ ਗ਼ਜ਼ਬ!! ਢਾਉਂਦੀ ਏ ਚਾਨਣੀ।

□

ਤੂੰ ਜਦੋਂ ਸੀ ਮੁਸਕਰਾ ਕੇ ਵੇਖਿਆ।
ਮੈਂ ਸਾਂ ਕਤਰੇ ਤੋਂ ਸਮੁੰਦਰ ਹੋ ਗਿਆ।

ਬੇਰੁਖੀ ਪਰ ਤੂੰ ਵਿਖਾਈ ਜਿਸ ਘੜੀ,
ਮੈਂ ਭਰੇ ਸਾਗਰ ਤੋਂ ਸਹਿਰਾ ਬਣ ਗਿਆ।

ਜਾਣ ਕੇ ਵੀ ਤੂੰ ਰਿਹੋਂ ਅਣਜਾਣ ਹੀ,
ਮੈਂ ਤੇਰੇ ਸਾਹਵੇਂ ਰਿਹਾ ਹਾਂ ਤੜਪਦਾ।

ਪੁਛਦੇ ਤੈਨੂੰ ਬੁਲਾਇਐ ਕਿਸ ਲਈ,
ਕੀ ਕਹਾਂ ਮੈਂ ਕੀ ਨਹੀਂ ਤੈਨੂੰ ਪਤਾ।

ਤੇਰੀ ਚੁੱਪ ਮੈਥੋਂ ਸਹਾਰੀ ਨਾ ਗਈ,
ਹਿਜਰ ਦੀ ਤਾਂ ਪੀੜ ਨੂੰ ਸੀ ਸਹਿ ਲਿਆ।

ਕਿਸ ਤਰ੍ਹਾਂ ਬੀਤੇਗੀ ਮੇਰੀ ਜ਼ਿੰਦਗੀ,
ਜਾਣ ਤੋਂ ਪਹਿਲਾਂ ਜ਼ਰਾ ਤਾਂ ਸੋਚਦਾ।

ਕੀ ਕਰੋਗੇ ਦੋਸਤੋ ਮੇਰਾ ਇਲਾਜ,
ਮਾਂਦਰੀ ਨੇ ਹੀ ਨਹੀਂ ਜਦ ਸੋਚਿਆ।

ਬੁੱਲਬੁਲਾਂ ਦੇ ਵਾਂਗ ਸੀ ਜੋ ਚਹਿਕਦਾ,
'ਕੁਲਵੰਤ' ਹੁਣ ਸ਼ਮਸ਼ਾਨ ਹੈ ਉਹ ਜਾਪਦਾ।

□

ਤੇਰੇ ਗ਼ਮ ਵਿਚ ਘੁੱਲ ਘੁੱਲ ਕੇ ਮਰ ਜਾਵਾਂਗੇ।
ਪਰ ਨਾ ਤੈਨੂੰ ਦਿਲ ਦੀ ਪੀੜ ਸੁਣਾਵਾਂਗੇ।

ਇਕਲਾਪੇ ਦੇ ਮਾਰੇ ਸੁੰਨੇ ਰਾਹਾਂ ਵਿਚ,
ਤੇਰੇ ਖ਼ਾਬਾਂ ਦੇ ਨਿਤ ਮਹਿਲ ਬਣਾਵਾਂਗੇ।

ਜੰਗਲ ਦੇ ਵਿਚ ਰਾਤ ਜਦੋਂ ਪੈ ਜਾਵੇਗੀ,
ਯਾਦਾਂ ਦਾ ਚੌਮੁਖੀਆਂ ਦੀਪ ਜਗਾਵਾਂਗੇ।

ਵੇਖੇਂਗਾ ਜਦ ਵਾਂਗ ਬਿਗਾਨੇ ਸਾਨੂੰ ਤੂੰ,
ਹੌਕਾ ਭਰ ਕੇ ਮਹਿਫ਼ਲ 'ਚੋਂ ਉੱਠ ਜਾਵਾਂਗੇ।

ਮਾਣ ਬੜਾ ਹੈ ਸਾਨੂੰ ਆਪਣੇ ਬੋਲਾਂ 'ਤੇ,
ਸਾਹਾਂ ਦੇ ਸੰਗ ਆਪਣੇ ਬੋਲ ਪੁਗਾਵਾਂਗੇ।

ਤੇਰੇ ਵੀ ਫਿਰ ਕੋਸੇ ਹੰਝੂ ਰੁਕਣੇ ਨਈਂ,
ਵਾਂਗ ਪਤੰਗੇ ਅਸੀਂ ਜਦੋਂ ਜਲ ਜਾਵਾਂਗੇ।

ਆਵੇਗੀ ਕਨਸੋਅ ਜਦ ਤੇਰੇ ਆਵਣ ਦੀ,
ਆਪਣੇ ਘਰ ਨੂੰ ਸ਼ੀਸ਼ੇ ਵਾਂਗ ਸਜਾਵਾਂਗੇ।

ਖੁਲ੍ਹ ਜਾਵੇ ਨਾ ਭੇਦ ਅਸਾਡੇ ਇਸ਼ਕੇ ਦਾ,
ਹੰਝੂ ਪੀ ਕੇ, ਗ਼ਮ ਖਾ ਕੇ ਮੁਸਕਾਵਾਂਗੇ।

ਬਿਰਹੋਂ ਪੀੜਾਂ ਪਾ ਕੇ ਆਪਣੀ ਝੋਲੀ ਵਿਚ,
ਸੱਜਣਾਂ ਤੇਰੀ ਫਿਰ ਵੀ ਖ਼ੈਰ ਮਨਾਵਾਂਗੇ।

ਦੂਰ ਵਸੇਂਦਿਆ ਸੱਜਣਾਂ ਪਾਰ ਸਮੁੰਦਰੋਂ ਵੀ,
ਨੀਂਦ ਤੇਰੀ ਵਿਚ ਸੁਪਨਾ ਬਣ ਆ ਜਾਵਾਂਗੇ।

'ਕੁਲਵੰਤਾ' ਜੋ ਬਿਰਹੋਂ ਮੌਹਰਾ ਮਿਲਿਆ ਹੈ,
ਸੱਜਣਾ ਦੀ ਸੌਗ਼ਾਤ ਸਮਝ ਕੇ ਖਾਵਾਂਗੇ।

□

ਮੁਕਦੀ ਜਾਂਦੀ ਹੈ ਬਾਤ ਕੀ ਕਰੀਏ।
ਸਿਰ ਤੇ ਓਵੇਂ ਹੈ ਰਾਤ ਕੀ ਕਰੀਏ ?

ਏਥੇ ਆਦਮ ਨੂੰ ਕੌਣ ਪੁੱਛਦਾ ਹੈ
ਏਥੇ ਪੁੱਛਦੇ ਨੇ ਜ਼ਾਤ ਕੀ ਕਰੀਏ।

ਵੈਰੀ ਸਾਡੇ ਤਾਂ ਸਾਰੇ ਰਾਹਾਂ ਵਿਚ
ਲਾ ਕੇ ਬੈਠੇ ਨੇ ਘਾਤ ਕੀ ਕਰੀਏ।

ਸੂਲੀ ਬਿਰਹੋਂ ਦੀ ਰੋਜ਼ ਚੜ੍ਹਦੇ ਹਾਂ,
ਇਹ ਹੈ ਸੱਜਣਾਂ ਦੀ ਦਾਤ ਕੀ ਕਰੀਏ?

ਚੰਨ ਦਿਲ ਦੇ ਬਿਨਾਂ ਹਨੇਰਾ ਏ,
ਤੇਰੀ ਚੰਨਾਂ ਵੇ ਝਾਤ ਕੀ ਕਰੀਏ।

□

ਦਿਲਦਾਰ ਬਣ ਕੇ ਜੋ ਦਿਲ ਠੱਗ ਰਹੇ ਨੇ।
ਪਿਆਰੇ ਪਿਆਰੇ ਓਹੀ ਲੱਗ ਰਹੇ ਨੇ।

ਕਲੀਆਂ 'ਤੇ ਭੌਰੇ ਲਿਪਟਦੇ ਪਏ ਨੇ,
ਇਹ ਬੁੱਲ੍ਹੇ ਹਵਾ ਦੇ ਅਜਬ ਵੱਗ ਰਹੇ ਨੇ।

ਮੈਂ ਰਾਤੀਂ ਵੀ ਰਾਹੋਂ ਭਟਕਦਾ ਨਹੀਂ ਹਾਂ,
ਖ਼ਿਆਲਾਂ ਦੇ ਸੂਰਜ ਕਈ ਦੱਗ ਰਹੇ ਨੇ।

ਫੁੱਲ ਉਸ ਨੇ ਟੁੰਗੇ ਨੇ ਕੇਸਾਂ 'ਚ ਏਦਾਂ,
ਹਨੇਰੇ 'ਚ ਜੁਗਨੂੰ ਜਿਵੇਂ ਜੱਗ ਰਹੇ ਨੇ।

ਜਲਾਵਣਗੇ ਝੂਠੇ ਰਿਵਾਜਾਂ ਨੂੰ ਇਕ ਦਿਨ,
ਸੀਨੇ 'ਚ ਅੰਗਿਆਰ ਜੋ ਮੱਘ ਰਹੇ ਨੇ।

ਨਾ ਪੁਖਰਾਜ, ਨੀਲਮ ਉਹ ਮਣੀਆਂ 'ਤੇ ਗੀਝੇ,
ਜਿਸ ਮਨ ਦੀ ਮੁੰਦਰੀ 'ਚ ਉਹ ਨੱਗ ਰਹੇ ਨੇ।

□

ਲਾ ਟਿੱਕਾ ਮੱਥੇ ਸੂਰਜ ਦਾ, ਔਹ ਸੋਨ ਸਵੇਰਾ ਆਇਆ ਏ।
ਕਲੀਆਂ ਨੇ ਹਾਸੇ ਛੇੜੇ ਨੇ, ਕਿਰਨਾਂ ਨੇ ਝੂੰਮਰ ਪਾਇਆ ਏ।

ਝੀਲਾਂ ਵਿਚ ਤਰਦੇ ਕੰਵਲਾਂ ਦੇ, ਪੌਣਾਂ ਨੇ ਮੁੱਖੜੇ ਚੁੰਮੇ ਨੇ,
ਥਾਂ ਥਾਂ ਤੇ ਮਹਿਕਾਂ ਖਿੰਡੀਆਂ ਨੇ, ਮਸਤੀ ਨੇ ਲੋਹੜਾ ਚਾਇਆ ਏ।

ਜਲ ਬਿੰਦੂਆਂ ਤੇ ਲਿਸ਼ਕੋਰਾਂ ਨੇ, ਰੰਗਾਂ ਦੀ ਰਾਸ ਰਚਾਈ ਏ,
ਪੱਤੀਆਂ 'ਚੋਂ ਚਾਨਣ ਝਰਦਾ ਏ, ਨੂਰਾਂ ਦਾ ਹੜ੍ਹ ਇਕ ਆਇਆ ਏ।

ਪਾਣੀ ਦੀ ਬਿਲੌਰੀ ਹਿਕੜੀ ਚੋਂ, ਤਕ ਰੰਗ ਗੁਲਾਬੀ ਊਸ਼ਾ ਦਾ,
ਛਲੀਆ ਜੀ ਤੇਰੀ ਸੂਰਤ, ਇਕ ਝੌਲਾ ਨਜ਼ਰੀਂ ਆਇਆ ਏ।

ਇਕ ਹੋਰ ਸਵੇਰਾ ਆ ਜਾਏ, ਸੱਜਣਾਂ ਵੇ ਜੇ ਤੂੰ ਆ ਜਾਏਂ,
ਲੈ ਮਧੁਰ ਮਿਲਣ ਦੀ ਆਸ਼ਾ ਨੂੰ, ਰਾਤਾਂ ਦਾ ਪੰਧ ਮੁਕਾਇਆ ਏ।

ਯਾਦਾਂ ਦੀਆਂ ਟੱਲੀਆਂ ਵਜੀਆਂ ਨੇ, ਪਹੁੰਚੇ ਹਾਂ ਖਿਆਲੀਂ ਦਰ ਤੇਰੇ,
ਜਿੰਦੂਆ ਜੀ ਤੇਰਾ ਨਾਂ ਲੈ ਕੇ, ਸੌ ਵਾਰੀ ਸੀਸ ਨਿਵਾਇਆ ਏ।

□

ਤੇਰੇ ਬਿਰਹੋਂ ਸੀਨੇ ਦੇ ਵਿਚ ਐਸਾ ਜ਼ਖ਼ਮ ਲਗਾਇਆ।
ਯਾਦਾਂ ਨੇ ਲੱਖ ਪੱਟੀਆਂ ਬੰਨੀਆਂ ਚੈਨ ਰਤਾ ਨਾ ਆਇਆ।

ਚੰਨ ਮੱਸਿਆ ਦੇ ਪਿਛੋਂ ਵੀ ਤਾਂ ਮੁੜ ਕੇ ਨਿਕਲ ਆਵੇ,
ਸਾਡਾ ਚੰਨ ਤਾਂ ਐਸਾ ਰੁੱਸਿਆ ਫਿਰ ਨਾ, ਫੇਰਾ ਪਾਇਆ।

ਸਾਡੀ ਤ੍ਰੇਹ ਨੂੰ ਕਿਵੇਂ ਬੁਝਾਉਂਦਾ ਕਿਸੇ ਨਦੀ ਦਾ ਪਾਣੀ,
ਸਾਗਰ ਕੰਢੇ ਸੀ ਮੈਂ ਬੈਠਾ, ਫਿਰ ਵੀ ਸੀ ਤਿਰਹਾਇਆ।

ਜਿਸ ਨੂੰ ਦਿਲ ਸੀ ਕਹਿੰਦਾ ਆਪਣਾ ਓਸੇ ਕਿਹਾ ਬਿਗਾਨਾ,
ਕਹਿੰਦਾ ਸੀ ਜੋ ਸਾਨੂੰ ਆਪਣਾ ਓਸੇ ਕਿਹਾ ਪਰਾਇਆ।

ਦੋਸਤ ਕਹੀਏ ਕਿਸ ਨੂੰ ਆਪਣਾ ਦੁਸ਼ਮਣ ਕਿਸ ਨੂੰ ਕਹੀਏ,
ਹਰ ਬੰਦੇ ਨੇ ਦਿਲ ਆਪਣਾ ਹੈ ਜੀਭਾ ਹੇਠ ਲੁਕਾਇਆ।

ਇਸ ਬਸਤੀ ਦੇ ਲੋਕਾਂ, ਉਲਟਾ ਮੈਨੂੰ ਹੀ ਆ ਫੜਿਆ,
ਮੈਂ ਤਾਂ ਚੋਰਾਂ ਨੂੰ ਪਕੜਨ ਲਈ ਰੌਲਾ ਸੀ ਕੁਝ ਪਾਇਆ।

ਵੇਖ ਅਸਾਡੇ ਪਾਗਲਪਨ ਨੂੰ ਗੱਲ ਰਹੀ ਨਾ, ਗੁੱਝੀ,
ਲੋਕਾਂ ਦੇ ਵਿਚ ਨਸ਼ਰ ਹੋ ਗਿਆ ਸੀ ਜੋ ਰਾਜ਼ ਛੁਪਾਇਆ।

ਰਿਸ਼ਮਾਂ ਦੇ ਲੜ ਬੰਨ੍ਹ ਕੇ ਭੇਜੀ ਸੀ ਮੈਂ ਪਿਆਰ ਕਥੂਰੀ,
ਪਰ ਸੱਜਣਾਂ ਨੇ ਗੰਢ ਨਾ, ਖੋਹਲੀ ਨਾ, ਕੁਝ ਹਾਲ ਸੁਣਾਇਆ।

❑

ਹਾਵੇ ਹੌਕੇ ਤੇ ਹੰਝੂਆਂ ਦੀ, ਇਕ ਗ਼ਜ਼ਲ ਬਨਾਣਾ ਚਾਹੁੰਦਾ ਹਾਂ।
ਕਿਧਰੇ ਜੇ ਉਹ ਵੀ ਸੁਣ ਸਕਦੇ, ਜਿੰਨ੍ਹਾਂ ਨੂੰ ਸੁਨਾਣਾ ਚਾਹੁੰਦਾ ਹਾਂ।

ਰਾਤਾਂ ਦੇ ਘੁੱਪ ਹਨੇਰੇ ਵਿਚ, ਯਾਦਾਂ ਦਾ ਦੀਵਾ ਬਲਦਾ ਹੈ
ਮੈਂ ਚਰਬੀ ਢਾਲੀ ਜਾਂਦਾ ਹਾਂ, ਨ੍ਹੇਰੇ ਨੂੰ ਮਿਟਾਣਾ ਚਾਹੁੰਦਾ ਹਾਂ।

ਇਸ ਸਾਡੇ ਰੋਗ ਅਵਲੜੇ ਦਾ, ਦਾਰੂ ਕੀ ਕਰਨਾ ਦਾਰੂ ਨੇ
ਉਹ ਹੋਰ ਵੀ ਚੇਤੇ ਆਉਂਦੇ ਨੇ, ਜਿੰਨ੍ਹਾਂ ਨੂੰ ਭੁਲਾਣਾ ਚਾਹੁੰਦਾ ਹਾਂ।

ਕੀ ਫੱਟ ਕਿਸੇ ਨੇ ਸੀਣੇ ਨੇ, ਸਭ ਨਸ਼ਤਰ ਹੋਰ ਚਲਾਉਂਦੇ ਨੇ
ਹਰ ਰਾਜ਼ ਦਿਲੇ ਦਾ ਏਸੇ ਲਈ, ਲੋਕਾਂ ਤੋਂ ਛੁਪਾਣਾ ਚਾਹੁੰਦਾ ਹਾਂ।

ਦਿਲ 'ਚੋਂ ਜੋ ਭਾਂਬੜ ਉਠਦੇ ਨੇ, ਦੁਨੀਆਂ ਨਾ, ਕਿਤੇ ਜਲਾ ਦੇਵਣ,
ਰਹਿੰਦੇ ਨੇ ਉਹ ਵੀ ਦੁਨੀਆਂ ਵਿਚ, ਅਰਮਾਨ ਦਬਾਣਾ ਚਾਹੁੰਦਾ ਹਾਂ।

ਉਸ ਚੰਨ ਤੋਂ ਸੁਹਣੀ ਸੂਰਤ ਨੂੰ, ਬੱਦਲਾਂ ਨੇ ਹੇਠ ਛੁਪਾਇਆ ਹੈ
ਬੇਜ਼ਾਰ ਹਾਂ ਉਸ ਨੂੰ ਵੇਖਣ ਲਈ, ਬੱਦਲਾਂ ਨੂੰ ਹਟਾਣਾ ਚਾਹੁੰਦਾ ਹਾਂ।

□

ਤੇਰੇ ਬਿਨਾ ਮਹਿਫ਼ਿਲ ਨਿਗੀ ਲੱਗਦੀ ਵੀਰਾਨ ਹੈ।
ਹੋਵੇਂ ਤਾਂ ਬਣ ਜਾਂਦੀ ਏਹੀ ਇਕ ਗੁਲਸਤਾਨ ਹੈ।

ਪਲ ਭਰ ਬਣਾ ਕੇ ਆਪਣਾ ਦੇਣਾ ਵਿਸਾਰ ਫਿਰ,
ਏਹੋ ਤੇਰਾ ਇਕਰਾਰ, ਕੀ ਏਹੋ ਈਮਾਨ ਹੈ ?

ਦੀਨ ਦੁਨੀਆਂ ਨੂੰ ਗਵਾ, ਹੋ ਗਏ ਦੀਵਾਨੜੇ,
ਇਸ਼ਕੇ ਦਾ ਰਹਿੰਦਾ ਹੋਰ ਕਿਹੜਾ ਇਮਤਿਹਾਨ ਹੈ।

ਪੱਲੂ ਉਡਾ ਸਾੜੀ ਦਾ ਨਾ, ਇਸ ਨੂੰ ਤਾਂ ਰਹਿਣ ਦੇ,
ਇਹ ਸ਼ੋਖੀਆਂ ਇਹ ਮਸਤੀਆਂ ਡਾਢਾ ਤੂਫ਼ਾਨ ਹੈ।

ਵੇਖੀਂ ਬਚੀਂ ਉਸ ਪੀਰ ਤੋਂ ਤੇਰੇ ਤੇ ਮਰ ਰਿਹੈ,
ਹੂਰਾਂ ਦੇ ਲਾਰੇ ਅਸਾਂ ਨੂੰ ਲਾਂਦਾ ਸ਼ੈਤਾਨ ਹੈ।

ਛੱਡ ਵੀ ਗੁਸੇ ਗਿਲੇ ਆ ਵਸਲ ਨੂੰ ਮਾਣੀਏਂ,
ਇਹ ਰੁੱਤ ਇਹ ਜਜ਼ਬੇ ਇਹ ਦਿਲ ਹਰ ਸ਼ੈ ਜਵਾਨ ਹੈ।

□

ਆਇਉਂ ਤੇ ਆ ਕੇ ਤੁਰ ਗਿਉਂ ਵਾਂਗੂੰ ਬਹਾਰ ਦੇ।
ਨੈਣੀਂ ਹਾਂ ਲੈ ਕੇ ਢੂੰਡਦਾ ਝੌਲੇ ਦੀਦਾਰ ਦੇ।

ਦੋ ਘੜੀ ਲਈ ਵਸਲ ਸੀ ਤੇਰਾ ਜੋ ਮਾਣਿਆਂ,
ਬਦਲੇ 'ਚ ਲੱਖਾਂ ਦੇ ਗਿਉਂ ਸੱਲ ਇੰਤਜ਼ਾਰ ਦੇ।

ਸਾਨੂੰ ਭੁਲਾ ਕੇ ਜ਼ਿੰਦਗੀ ਸਕਦਾ ਹੈਂ ਮਾਣ ਤੂੰ
ਤੈਨੂੰ ਭੁਲਾ ਕੇ ਕਿੰਝ ਅਸੀਂ ਦੋ ਪਲ ਗੁਜ਼ਾਰਦੇ।

ਸੀ ਕੌਣ ਸਾਨੂੰ ਜਾਣਦਾ ਏਡੇ ਜਹਾਨ ਵਿਚ,
ਹਰ ਥਾਂ ਦੀ ਚਰਚਾ ਬਣ ਗਏ ਸਦਕੇ ਪਿਆਰ ਦੇ।

ਛਾਈਆਂ ਨੇ ਮੇਰੇ ਹਰ ਤਰਫ਼ ਗ਼ਮ ਤੇ ਉਦਾਸੀਆਂ,
ਮੁੱਖੜਾ ਦਿਖਾ ਕੇ ਤੂੰ ਜ਼ਰਾ ਕਿਰਨਾਂ ਖਿਲਾਰ ਦੇ।

ਰਹਿਮਤ ਵਧੇਰੇ ਕਰ ਰਤਾ ਮੇਰੇ ਤੇ ਸਾਕੀਆ,
ਪਹਿਲਾਂ ਵੀ ਤੇਰਾ ਪਏ ਹਾਂ ਕਰਜ਼ਾ ਉਤਾਰਦੇ।

ਵਿਗੜੀ ਮੇਰੀ ਤਕਦੀਰ ਜੋ ਮੌਲਾ ਤੋਂ ਨਾ, ਬਣੇ,
ਆ ਕਿ ਮੇਰੀ ਤਕਦੀਰ ਨੂੰ ਤੂੰਹੀਉਂ ਸੰਵਾਰ ਦੇ।

ਕਰ ਵੇ ਤਬੀਬਾ ਕਰ ਕੋਈ ਚਾਰਾ ਜੇ ਕਰ ਸਕੇਂ,
ਗਿਣਤੀ ਦੇ ਦਿਹੁੰ ਨੇ ਰਹਿ ਗਏ ਤੇਰੇ ਬਿਮਾਰ ਦੇ।

□

ਗ਼ਮ ਖਾ ਕੇ ਹਿਜਰ ਦਾ ਹੁਣ ਵੇਲਾ ਟਪਾ ਲਵਾਂਗਾ।
ਪੀ ਕੇ ਲਹੂ ਦੇ ਹੰਝੂ ਤਰੇਹ ਨੂੰ ਬੁਝਾ ਲਵਾਂਗਾ।

ਹਰ ਵਾਰ ਬਿਜਲੀਆਂ ਜੇ ਘਰ ਨੂੰ ਵੀਰਾਨ ਕਰਨੈ,
ਵੀਰਾਨਿਆਂ ਨੂੰ ਹੀ ਮੈਂ ਹੁਣ ਘਰ ਬਣਾ ਲਵਾਂਗਾ।

ਪਾਇਆ ਖਰੂਦ ਜਦ ਵੀ ਚੀਸਾਂ ਨੇ ਤਨ 'ਚ ਮੇਰੇ,
ਦੇ ਹੌਕਿਆਂ ਦੀ ਲੋਰੀ ਕਸਕਾਂ ਸੁਲਾ ਲਵਾਂਗਾ।

ਭੁਲ ਕੇ ਵੀ ਸ਼ਿਕਵਾ ਕੋਈ ਜੇ ਆ ਗਿਆ ਜ਼ਬਾਂ ਤੇ
ਹੋਠਾਂ ਨੂੰ ਚੁੱਪ ਦਾ ਮੈਂ ਜੰਦਰਾ ਲੱਗਾ ਲਵਾਂਗਾ।

ਤੇਰੇ ਬਿਨਾ ਓ ਯਾਰਾ ਹਰ ਯਾਦ ਦੀ ਕਣੀ ਨੂੰ,
ਸੀਨੇ ਦੇ ਨਾਲ ਲਾ ਕੇ ਉਮਰਾਂ ਬਿਤਾ ਲਵਾਂਗਾ।

□

ਜਿੰਦ ਜਦ ਬਿਰਹੋਂ ਸਤਾਈ ਪੀ ਲਈ।
ਪੀ ਲਈ ਗ਼ਮ ਦੀ ਦਵਾਈ ਪੀ ਲਈ।

ਕੌਣ ਕਹਿੰਦਾ ਹੈ ਕਿ ਪੀਂਦਾ ਰੋਜ਼ ਹਾਂ,
ਤੂੰ ਜਦੋਂ ਬਿਜਲੀ ਗਿਰਾਈ ਪੀ ਲਈ।

ਮੁਸਕਰਾ ਕੇ ਤੁਰ ਗਈ ਤੂੰ ਆਥਣੇ,
ਮੈਂ ਹੁਣੇ ਸੀ ਕਸਮ ਪਾਈ ਪੀ ਲਈ।

ਪੀਣ ਦਾ ਉਂਞ ਤੇ ਕੋਈ ਵੀ ਚਾਅ ਨਹੀਂ,
ਪਰ ਨਹੀਂ ਕਟਦੀ ਜੁਦਾਈ ਪੀ ਲਈ।

ਛੇੜ ਕੇ ਜ਼ਖ਼ਮਾਂ ਨੂੰ ਸਾਰੇ ਤੁਰ ਗਏ,
ਪੀੜ ਮੈਂ ਸਭ ਦੀ ਪਰਾਈ ਪੀ ਲਈ।

ਜ਼ਹਿਰ ਪੀਤੀ ਮੈਂ ਜ਼ਮਾਨੇ ਦੀ ਨਿਰੀ,
ਸ਼ੇਖ ਸੀ ਜਿਸ ਪਾਰਸਾਈ ਪੀ ਲਈ।

ਮੈਂ ਵਫ਼ਾ ਪਾਲਣ ਲਈ ਪੀਂਦਾ ਰਿਹਾ,
ਪਰ, ਕਿਸੇ ਮੇਰੀ ਵਫ਼ਾ ਹੀ ਪੀ ਲਈ।

ਉਸ ਦੀ ਨਜ਼ਰ ਦਾ ਜੇਕਰ ਮਿਲਦਾ ਰਹੇ ਇਸ਼ਾਰਾ।
ਦੁਨੀਆਂ ਦਾ ਕਰ ਲਵਾਂਗਾ, ਮੈਂ ਹਰ ਸਿਤਮ ਗਵਾਰਾ।

ਮਸਿਆ ਦੀ ਰਾਤ ਕਾਲੀ ਪੁੰਨਿਆਂ 'ਚ ਬਦਲ ਜਾਵੇ,
ਚੰਨ ਰੂਪ ਦਾ ਜਦੋਂ ਵੀ ਖੁੱਲ੍ਹ ਕੇ ਦਵੇ ਨਜ਼ਾਰਾ।

ਜਿਸ ਦਾ ਦੀਦਾਰ ਕਰਕੇ ਸਭ ਰੋਗ ਨੱਸਦੇ ਨੇ,
ਜੇ ਕਰ ਨਹੀਂ ਮਸੀਹਾ, ਕੀ ਹੈ ਮੇਰਾ ਪਿਆਰਾ ?

ਉਸ ਦੇ ਕਰਾਰ ਨੇ ਤਾਂ ਦੇਣਾ ਸਰੂਰ ਹੈਸੀ,
ਮਸਤੀ ਚੜ੍ਹਾ ਗਿਆ ਪਰ ਝੂਠਾ ਵੀ ਉਸ ਦਾ ਲਾਰਾ।

ਉਹ ਦੂਰ ਰਹਿ ਕੇ ਵੀ ਤਾਂ ਰਹਿੰਦਾ ਹੈ ਕੋਲ ਹਰਦਮ,
ਜਾਦੂ ਨਹੀਂ ਤਾਂ ਕੀ ਹੈ ਉਸ ਦਾ ਇਹ ਚਮਤਕਾਰਾ।

ਬੋਲੇ ਨਾ, ਭਾਵੇਂ ਬੋਲੇ ਇਕ ਬੋਲ ਮੂੰਹ ਤੋਂ ਭਾਵੇਂ,
ਮੁੜ ਮੁੜ ਜਾਂ ਵੇਖਦਾ ਹੈ ਜਾਂਦਾ ਹੈ ਭਰ ਹੁੰਗਾਰਾ।

ਹੋਠਾਂ 'ਚ ਮੁਸਕਰਾ ਕੇ ਜਦ ਝਾਤ ਪਾ ਹੈ ਜਾਂਦਾ,
ਖ਼ੁਸ਼ੀਆਂ 'ਚ ਬਦਲ ਜਾਵੇ ਗ਼ਮ ਜ਼ਿੰਦਗੀ ਦਾ ਸਾਰਾ।

□

ਚਾਨਣ ਮਿਲੇ ਜੇ ਪਿਆਰ ਦਾ ਰਸਤਾ ਵਿਖਾਣ ਲਈ।
ਰਾਤਾਂ ਨੂੰ ਵੀ ਕਿਉਂ ਭਾਲੀਏ ਦੀਵੇ ਜਗਾਣ ਲਈ।

ਸਾਡੇ ਦਿਲੇ ਦਾ ਕੰਮ ਹੈ ਸਭਨਾਂ ਲਈ ਤੜਪਣਾ,
ਪਰ ਤੜਪਦਾ ਹੈ ਕੌਣ ਸਾਡੇ ਦਿਲ ਵੀਰਾਨ ਲਈ।

ਤੇਰੇ ਬਿਰਹੋਂ ਨੇ ਹੋਰ ਵੀ ਸਾਨੂੰ ਝੰਜੋੜਿਆ,
ਜਿੰਨਾ ਵੀ ਇਸ ਤੋਂ ਸੋਚਿਆ ਪਿੱਛਾ ਛੁੜਾਣ ਲਈ।

ਲਾਈ ਤੇਰੀ ਨੂੰ ਸਾਉਣ ਦਾ ਮੀਂਹ ਕਿੰਝ ਬੁਝਾ ਸਕੇ,
ਇਕ ਮਾਰ ਛਿੱਟਾ ਵਸਲ ਦਾ ਦਿਲ ਦੀ ਬੁਝਾਣ ਲਈ।

ਗੰਗਾ ਤੇ ਜਮਨਾ ਜਾਣ ਦੀ ਸਾਨੂੰ ਕੀ ਲੋੜ ਹੈ,
ਸਾਡੇ ਤਾਂ ਹੰਝੂ ਬਹੁਤ ਨੇ ਸਾਡੇ ਨਹਾਣ ਲਈ।

ਹੱਸੇਂ ਤਾਂ ਵੱਟ ਜਾਏ ਖ਼ਿਜ਼ਾਂ ਰੰਗਲੀ ਬਹਾਰ ਵਿਚ,
ਲਗਦਾ ਹੈ ਤੇਰਾ ਮੁੱਲ ਕੀ ਦਸ ਮੁਸਕ੍ਰਾਣ ਲਈ।

ਲੋਕਾਂ ਦਾ ਮਿਹਣਾ ਬਣ ਗਈ ਸਾਡੀ ਤਾਂ ਮਹਿਰਮੇਂ,
ਦੋ ਘੁੱਟ ਵੀ ਜੇ ਪੀ ਲਈ ਗ਼ਮ ਨੂੰ ਸੁਲਾਣ ਲਈ।

□

ਵੇਲਾ ਹੈ ਲੰਘਦਾ ਜਾ ਰਿਹਾ ਤੇਰੇ ਕਰਾਰ ਦਾ।
ਛਿੱਟਾ ਜਿਹਾ ਦੇ ਜਾ ਜ਼ਰਾ ਨਿੰਮੀ ਫ਼ੁਹਾਰ ਦਾ।

ਜਾਪਿਆ ਜਿਉਂ ਚਾਨਣੀ ਪੁੰਨਿਆਂ ਦੀ ਆ ਰਹੀ,
ਝੌਲਾ ਜਿਹਾ ਜਦ ਵੀ ਪਿਆ ਤੇਰੇ ਦੀਦਾਰ ਦਾ।

ਨਾ ਹੋਸ਼ ਕੁਝ ਬਾਕੀ ਰਹੀ ਦੁਨੀਆਂ ਦੀ ਮਹਿਰਮੇਂ,
ਮਸਤੀ ਦਾ ਘੁੱਟ ਕੀ ਪੀ ਲਿਆ ਤੇਰੇ ਪਿਆਰ ਦਾ।

ਇਕ ਪੈਰ ਹੈ ਬੇੜੇ ਦੇ ਵਿਚ ਦੂਜਾ ਹਾਂ ਧਰ ਰਿਹਾ,
ਛੱਡਿਆ ਨਹੀਂ ਪੱਲੂ ਅਜੇ ਵੀ ਇੰਤਜ਼ਾਰ ਦਾ।

ਹੋਰਾਂ ਨੇ ਆਪਣੀ ਉਸ ਸਮੇਂ ਜ਼ਿੰਦਗੀ ਸੰਵਾਰ ਲਈ,
ਜਦ ਮੈਂ ਰਿਹਾ ਬਸ ਤੇਰੀਆਂ ਜ਼ੁੱਲਫ਼ਾਂ ਸੰਵਾਰਦਾ।

ਮਿਲ ਜਾਣ ਸੱਭੇ ਦੌਲਤਾਂ ਜੇ ਕਰ ਤੂੰ ਮਿਲ ਪਵੇਂ,
ਸੁਪਨਾ ਜਿਹਾ ਹਾਂ ਲੈ ਰਿਹਾ ਰੰਗਲੀ ਬਹਾਰ ਦਾ।

□

ਜੋ ਸਨ ਵਾਂਗ ਅੰਗੂਰੀ ਦਿਸਦੇ।
ਨਿਕਲੇ ਕੌੜੇ ਘੁੱਟ ਉਹ ਵਿਸ ਦੇ।

ਗ਼ੈਰਾਂ ਸੰਗ ਜਦ ਉਹ ਮੁਸਕਾਏ,
ਸਾਡੇ ਜ਼ਖ਼ਮ ਕਿਵੇਂ ਨਾ ਰਿਸਦੇ।

ਆਪਣੀ ਹੋਂਦ ਗਵਾ ਬੈਠੇ ਹਾਂ,
ਬਿਰਹੋਂ ਚੱਕੀ ਪਿਸਦੇ ਪਿਸਦੇ।

ਉਸੇ ਦੀ ਜਿੰਦ ਖ਼ੈਰ ਮਨਾਵੇ,
ਝੱਲੀ ਹੋਈ ਸਦਕੇ ਜਿਸਦੇ।

ਨਿਰਮੋਹੀ ਨੂੰ ਮੀਤ ਬਣਾ ਕੇ,
ਜਿੰਦੇ ਦੋਸ਼ ਧਰੇਂ ਸਿਰ ਕਿਸ ਦੇ।

ਫੁੱਲ ਸੂਹੇ ਖਿੜਣੇ ਸੀ ਕਿੱਥੋਂ,
ਜੇ ਨਾ ਸਾਡੇ ਪੋਟੇ ਘਿਸਦੇ।

ਰੱਖਿਆ ਅਸਾਂ ਸੀ ਦਿਲ ਬੜੇ ਚਿਰ ਤੋਂ ਸੰਭਾਲ ਕੇ।
ਪਹਿਲੀ ਹੀ ਵਾਰੀ ਲੈ ਗਿਉਂ ਤੂੰ ਮੂੰਹ ਵਿਖਾਲ ਕੇ।

ਭਰ ਦੇ ਵਸਲ ਦੇ ਜਾਮ ਨੂੰ ਮੂੰਹ ਤੀਕ ਸਾਕੀਆ,
ਪੀਤੇ ਬਿਰਹੋਂ 'ਚ ਬਹੁਤ ਨੇ ਹੰਝੂ ਹੰਗਾਲ ਕੇ।

ਸਾਡਾ ਨਿਹੁੰ ਤਾਂ ਹੋਰ ਵੀ ਵਧਦਾ ਸਗੋਂ ਗਿਆ,
ਜਿੰਨਾ ਵੀ ਚਾਹਿਆ ਤੋੜਨਾ ਗ਼ੈਰਾਂ ਉਛਾਲ ਕੇ।

ਆਉਣ ਤਾਂ ਮਹਿਫ਼ਲ 'ਚ ਦੇ ਸਾਨੂੰ ਤੂੰ ਦਿਲ-ਰੁਬਾ,
ਵੇਖਾਂਗੇ ਫਿਰ ਟਾਲੇਂਗਾ ਕਿੰਝ ਦੋ ਘੁੱਟ ਪਿਆਲ ਕੇ।

ਦੂਰੋਂ ਹੀ ਦੂਰੋਂ ਹਾਲ ਕਿਉਂ ਪੁੱਛਦਾ ਹੈਂ ਦਰਦ ਦਾ,
ਧੜਕਨ ਦੇ ਨੇੜੇ ਹੋ ਰਤਾ ਦਸਾਂ ਬਿਠਾਲ ਕੇ।

ਜੇ ਤੂੰ ਨਹੀਂ ਤਾਂ ਤੇਰੀਆਂ ਯਾਦਾਂ ਤਾਂ ਕੋਲ ਨੇ,
ਕਿੱਦਾਂ ਗੁਜ਼ਾਰਾ ਕਰ ਲਵਾਂ ਯਾਦਾਂ ਸੁਆਲ ਕੇ।

□

ਆ ਕਿ ਤੇਰੀ ਮਾਂਗ ਵਿਚ ਸਰਘੀ ਸੰਧੂਰੀ ਭਰ ਦਿਆਂ।
ਹੋ ਉਰਾਂ ਮੱਥੇ ਦੇ ਵਿਚ ਪੁੰਨਿਆਂ ਦੀ ਬਿੰਦੀ ਜੜ ਦਿਆਂ।

ਸਾਥ ਜੇਕਰ ਤੂੰ ਦਵੇਂ ਬ੍ਰਹਿਮੰਡ ਵੀ ਮੈਂ ਗਾਹ ਲਵਾਂ,
ਤਾਰਿਆਂ ਦਾ ਨੂਰ ਚੋਅ ਧਰਤੀ ਨੂੰ ਉਜਲੀ ਕਰ ਦਿਆਂ।

ਮੇਰੀਆਂ ਸੋਚਾਂ ਦਾ ਜੇ ਭਰਦੀ ਹੁੰਗਾਰਾ ਤੂੰ ਰਹੇਂ,
ਕਲਪਨਾ ਦੇ ਅਰਸ਼ ਚੋਂ ਉੱਡਦੇ ਪੰਖੇਰੂ ਫੜ ਦਿਆਂ।

ਕਸ ਕੇ ਜੇ ਕਮਰ ਤੂੰ ਵੀ ਸਾਥ ਮੇਰੇ ਹੋ ਲਵੇਂ,
ਪਰਬਤਾਂ ਨੂੰ ਚੀਰ ਕੇ ਮੈਂ ਹੋਣੀਆਂ ਨੂੰ ਵਰ ਦਿਆਂ।

ਨਾ ਗਿਲਾ ਕਰ ਦੌਲਤਾਂ ਦਾ ਗਹਿਣਿਆਂ ਦਾ ਮਹਿਰਮੇਂ,
ਆ ਕਿ ਸੁੱਚੇ ਪਿਆਰ ਵਿਚ ਸਾਰੀ ਦੀ ਸਾਰੀ ਮੜ੍ਹ ਦਿਆਂ।

ਕਿਸ ਤਰ੍ਹਾਂ ਪੀੜ ਸੁਲਾਵਾਂ ਪੱਥਰਾਂ ਦੇ ਸ਼ਹਿਰ ਵਿਚ।
ਨਿੱਤ ਮਿਲਣ ਨਵੀਆ ਸਜ਼ਾਵਾਂ ਪੱਥਰਾਂ ਦੇ ਸ਼ਹਿਰ ਵਿਚ।

ਢੇਰ ਹਨ ਲਾਸ਼ਾਂ ਦੇ ਲੱਗੇ ਖ਼ੂਨ ਦਾ ਦਰਿਆ ਵਗੇ।
ਕਿਸ ਜਗ੍ਹਾ ਮੈਂ ਘਰ ਬਣਾਵਾਂ ਪੱਥਰਾਂ ਦੇ ਸ਼ਹਿਰ ਵਿਚ।

ਵਾਵਰੋਲੇ ਚੰਦਰੇ ਚਾਹੇ ਬੁਝਾ ਜਾਂਦੇ ਨੇ ਰੋਜ਼
ਫੇਰ ਵੀ ਦੀਵੇ ਜਗਾਵਾਂ ਪੱਥਰਾਂ ਦੇ ਸ਼ਹਿਰ ਵਿਚ।

ਜਾਪਦਾ ਹੈ ਪੱਥਰਾਂ ਵਿਚ ਉਹ ਵੀ ਪੱਥਰ ਹੋ ਗਿਐ
ਰੋਜ਼ ਮੈਂ ਜਿਸ ਨੂੰ ਬੁਲਾਵਾਂ ਪੱਥਰਾਂ ਦੇ ਸ਼ਹਿਰ ਵਿਚ।

ਜਾਣਦੇ ਹੋਏ ਵੀ ਪੱਥਰ ਮੋਮ ਹੋ ਸਕਦੇ ਨਹੀਂ
ਦਰਦ ਮੈਂ ਦਿਲ ਦਾ ਸੁਣਾਵਾਂ ਪੱਥਰਾਂ ਦੇ ਸ਼ਹਿਰ ਵਿਚ।

ਬੰਬ ਤਲਵਾਰਾਂ ਛੁਰੇ ਤੇ ਗੋਲੀਆਂ ਤਿਰਸ਼ੂਲ ਨੇ
ਹਨ ਬਾਲਾਵਾਂ ਹੀ ਬਲਾਵਾਂ ਪੱਥਰਾਂ ਦੇ ਸ਼ਹਿਰ ਵਿਚ।

ਜਾਪਦੇ ਹੁਣ ਘਰ ਜਿਵੇਂ ਸ਼ਮਸ਼ਾਨ ਕਬਰਸਤਾਨ ਹਨ
ਪਾਉਂਦੀਆਂ ਨਿੱਤ ਵੈਣ ਮਾਵਾਂ ਪੱਥਰਾਂ ਦੇ ਸ਼ਹਿਰ ਵਿਚ।

ਸੜ ਰਹੇ ਨੇ ਆਹਲਣੇ ਪੰਛੀ ਨੇ ਭੁੰਨੇ ਜਾ ਰਹੇ
ਕਿੰਝ ਬੋਟਾਂ ਨੂੰ ਬਚਾਵਾਂ ਪੱਥਰਾਂ ਦੇ ਸ਼ਹਿਰ ਵਿਚ।

ਧਰਤ ਭੱਠ ਵਾਂਗੂੰ ਤਪੇ ਤੇ ਵਰ੍ਹ ਰਹੇ ਅੰਗਿਆਰ ਨੇ
ਨਾ ਕਿਤੇ ਪਾਣੀ ਨਾ ਛਾਵਾਂ ਪੱਥਰਾਂ ਦੇ ਸ਼ਹਿਰ ਵਿਚ।

ਇਕ ਨਹੀਂ ਕਿੰਨੇ ਕੜਾਹੇ ਕੌਡਿਆਂ ਦੇ ਤਪ ਰਹੇ
ਆ ! ਗੁਰੂ ਨਾਨਕ ਦਿਖਾਵਾਂ ਪੱਥਰਾਂ ਦੇ ਸ਼ਹਿਰ ਵਿਚ।

ਲੈ ਗਈ ਸਾਂਝਾ ਚੁਰਾ ਕੇ ਸਾਜ਼ਿਸ਼ੀ ਜਦ ਤੋਂ ਹਵਾ।
ਹਰ ਗਰਾਂ ਹਰ ਸ਼ਹਿਰ ਤੇ ਹੈ ਮੀਂਹ ਲਹੂ ਦਾ ਪੈ ਰਿਹਾ।

ਮੌਤ ਵਰਗੀ ਚੁੱਪ ਛਾ ਜਾਂਦੀ ਹੈ ਘਰ ਵਿਚ ਉਸ ਘੜੀ
ਰਾਤ ਜਦ ਵੀ ਹੈ ਅਚਾਨਕ ਦਰ ਕਿਸੇ ਦਾ ਖੜਕਦਾ।

ਕੁਝ ਸੰਤਾਂਲੀ ਨੇ ਵੱਢਿਆ ਕੁਝ ਚੁਰਾਸੀ ਸਾੜਿਐ
ਹਰ ਘੜੀ ਹਰ ਰੋਜ਼ ਪਰ ਹੁਣ ਕਤਲ ਹਾਂ ਮੈਂ ਹੋ ਰਿਹਾ।

ਹਰ ਜਗ੍ਹਾ ਵੰਗਾਂ ਦੇ ਟੋਟੇ ਛਾਨਣੀ ਫੁੱਲ ਪੱਤੀਆਂ
ਹੇ ਗੁਰੂ ਨਾਨਕ ਤਿਰਾ ਪੰਜਾਬ ਹੈ ਕੀ ਬਣ ਗਿਆ।

ਕਰ ਰਹੇ ਮਾਂ ਬਾਪ ਅੰਨੇ ਜਿਸ ਸਹਾਰੇ ਦੀ ਉਡੀਕ
ਓਸ ਨੂੰ ਖ਼ੂਨੀ ਹਨੇਰੀ ਨੇ ਹੈ ਕਿਧਰੇ ਖਾ ਲਿਆ।

ਸਿੱਖ ਹਿੰਦੂ ਜਾਂ ਮੁਸਲਮਾਂ ਕਿੰਨੇ ਕਿੰਨੇ ਹਨ ਮਰੇ
ਹਾਦਸੇ ਅਖ਼ਬਾਰ 'ਚੋਂ ਹੁਣ ਆਦਮੀ ਹੈ ਢੂੰਡਦਾ।

ਪਿੰਡ ਸਾਰਾ ਸਹਿਮਿਆਂ ਖਾਮੋਸ਼ ਤੇ ਬੇਜਾਨ ਹੈ
ਰੁੱਖ ਡਿੱਗਾ ਵੇਖ ਜੋ ਦਿੰਦਾ ਸੀ ਸਭ ਨੂੰ ਆਸਰਾ।

ਕਾਲਿਆਂ ਝੱਖੜਾਂ ਨੇ ਉਹ ਸੂਰਜ ਵੀ ਸਾਡੇ ਖਾ ਲਏ
ਵੰਡਦੇ ਸੀ ਰੌਸ਼ਨੀ ਜੋ ਲੋਚਦੇ ਸਭ ਦਾ ਭਲਾ।

ਹੋ ਨਹੀਂ ਸਕਦਾ ਕਵੀ ਪੱਥਰ ਹੈ ਜਾਂ ਉਹ ਲਾਸ਼ ਹੈ
ਜ਼ੁਲਮ ਹੁੰਦੇ ਵੇਖ ਜੋ ਡੱਟ ਕੇ ਨਹੀਂ ਹੈ ਬੋਲਦਾ।

ਕਦੀ ਅੱਗ ਸਾੜ ਦਿਤੇ, ਕਦੀ ਪਾਣੀਆਂ ਡਬੋਏ।
ਸਾਡੇ ਨਾਲ ਜਿਹੜੀ ਹੋਈ, ਕਿਸੇ ਨਾਲ ਵੀ ਨਾ ਹੋਏ।

ਸਾਡੇ ਉਜੜੇ ਨੇ ਖੇਤ ਪੈਂਦੇ ਘਰਾਂ ਨੂੰ ਪਰੇਤ
ਰਿਹਾ ਆਪਣਾ ਨਾ ਕੋਈ ਜਿੰਦ ਕਿਸ ਕੋਲ ਰੋਏ।

ਜਿਥੇ ਲਾਟ ਸੀ ਜਵਾਨੀ ਹਰ ਅੱਖ ਮਸਤਾਨੀ
ਓਥੇ ਖ਼ੂਨ ਦਿਆਂ ਛੱਪੜਾਂ ਚੋਂ ਲੰਘ ਵੀ ਨਾ ਹੋਏ।

ਭੇਸ ਕਾਤਿਲਾਂ ਵਟਾਏ ਬਾਣੇ ਸਾਧੂਆਂ ਦੇ ਪਾਏ
ਫੁੱਲ ਕੰਡਿਆਂ ਦੇ ਵਿਚ ਸਾਡੇ ਮਾਲੀਆਂ ਪਰੋਏ।

ਸੱਜੇ ਛੁਰੇ ਤਿਰਸ਼ੂਲ ਖੱਬੇ ਗੋਲੀਆਂ ਕਟਾਰਾਂ
ਕੋਈ ਇਨਾਂ ਦੇ ਵਿਚਾਲੇ ਕਿੰਝ ਜਿੰਦ ਨੂੰ ਲਕੋਏ।

ਸੰਝ ਜਾਪਦੀ ਏ ਡੈਣ ਜੋ ਲਿਆਏ ਨਿੱਤ ਵੈਣ
ਟੁੱਕੀ ਜੀਭ ਨਾਲ ਕਿੰਝ ਕੋਈ ਗੀਤ ਹੁਣ ਛੋਏ।

ਏਥੇ ਜ਼ਾਲਮਾਂ ਦਾ ਹਾਸਾ ਓਥੇ ਦੰਭੀਆਂ ਦਾ ਵਾਸਾ,
ਫੁੱਟ ਮਾਰ ਗਈ ਅਸਾਨੂੰ ਪੁੱਟ ਰਾਹਾਂ ਵਿਚ ਟੋਏ।

ਜੋ ਸੀ ਖਿੜਿਆ ਗੁਲਾਬ ਅੱਜ ਕੂਕਦਾ ਪੰਜਾਬ,
ਐਸਾ ਪੁੱਤ ਕੋਈ ਉਠੇ ਵਿੱਥਾਂ ਮੇਟ ਦਾਗ਼ ਧੋਏ।

ਹਰ ਰੁੱਖ ਦੇ ਨੇ ਟਾਹਣ ਟੁੱਟੇ, ਸੜ ਗਈਆਂ ਨੇ ਛਾਵਾਂ।
ਜ਼ਖਮੀ ਫੁੱਲਾਂ ਕਲੀਆਂ ਦਾ ਮੈਂ ਕਿਸ ਨੂੰ ਦਰਦ ਸੁਣਾਵਾਂ।

ਪੰਛੀ ਪੰਖ ਵਿਹੂਣੇ ਕੀਤੇ, ਪੈਰੀਂ ਪਾ ਜ਼ੰਜੀਰਾਂ
ਮੌਤ ਹਨੇਰੀ ਬਣ ਕੇ ਜ਼ਾਲਮ ਝੁਲਣ ਰੋਜ਼ ਹਵਾਵਾਂ।

ਚੋਰਾਂ ਚੌਂਕੀਦਾਰਾਂ ਦੇ ਵਿਚ ਫਰਕ ਰਿਹਾ ਨਾ ਕੋਈ
ਘਰ ਵਾਲੇ ਬੇਹੋਸ਼ ਨੇ ਸਹਿਮੇਂ ਘਰ ਨੂੰ ਕਿੰਝ ਬਚਾਵਾਂ।

ਟੂਣੇਹਾਰਾਂ ਮਿਲ ਕੇ ਐਸਾ ਸੇਹ ਦਾ ਤਕਲਾ ਗੱਡਿਆ
ਇਕ ਦੂਜੇ ਦੀ ਰੱਤ ਪੀਂਦੇ ਨੇ ਜੋ ਸਨ ਵਾਂਗ ਭਰਾਵਾਂ।

ਸੜਦੇ ਜੰਗਲ ਸਿਰ ਉਪਰੋਂ ਜੋ ਬਿਨ ਵਰਿਆਂ ਲੰਘ ਜਾਵਣ
ਓਹੀ ਦੂਰ ਦਸੌਰੀਂ ਜਾ ਕੇ ਵਸਣ ਖੂਬ ਘਟਾਵਾਂ।

ਕੁਝ ਧਰਤੀ ਇਕ ਬੁੱਤ ਦੀ ਖਾਤਿਰ ਇਨਸਾਨਾਂ ਨੂੰ ਕੋਹਿਆ
ਹੋਰ ਪਤਾ ਨੀਂ ਕੀ ਕਰਨਾ ਹੈ ਦੰਭੀ ਗਿਰਝਾਂ ਕਾਵਾਂ।

ਹਰ ਰਸਤੇ ਵਿਚ ਅੱਗ ਦੇ ਭਾਂਬੜ, ਸੜਕਾਂ ਤੇ ਰੱਤ ਵਗਦੀ
ਭੁੱਖਿਆਂ ਬੋਟਾਂ ਦਾ ਚੋਗਾ ਲੈ ਕਿੰਝ ਵਾਪਸ ਘਰ ਜਾਵਾਂ।

ਖਵਰੇ ਕਿਹੜੇ ਵੇਲੇ ਕਿਸ ਦਾ ਮੌਤ ਨੇ ਦਰ ਖੜਕਾਉਣੈ
ਛਾਤੀ ਨਾਲ ਲਗਾ ਬਾਲਾਂ ਨੂੰ ਹੰਝੂ ਕੇਰਨ ਮਾਵਾਂ।

ਇਹ ਬਸਤੀ ਥੇਹ ਬਣ ਜਾਵੇਗੀ ਜੇ ਲੋਕੀਂ ਨਾ ਜਾਗੇ
ਏਥੇ ਬਾਘ ਦਿਨੇ ਹੀ ਪੈਂਦੇ ਰਾਤੀਂ ਪੈਣ ਬਲਾਵਾਂ।

ਸੱਚ ਖਾਤਿਰ ਨਾ ਜੂਝ ਸਕਣ ਲਈ ਰੂਹ ਫਿਟਕਾਰਾਂ ਪਾਏ
ਮੱਘ ਕੇ ਮੋਏ ਮਿੱਤਰਾਂ ਦੀ ਮੈਂ ਜਦ ਵੀ ਯਾਦ ਮਨਾਵਾਂ।

ਮੈਂ ਸ਼ਾਇਰ ਹਾਂ ਸਭ ਦੀ ਪੀੜਾ ਮੇਰੀ ਆਪਣੀ ਪੀੜਾ
ਕਾਇਰਾਂ ਵਾਂਗੂੰ ਆਪਣੇ ਮੂੰਹ ਨੂੰ ਮੈਂ ਜੰਦਰਾਂ ਕਿੰਝ ਲਾਵਾਂ।

ਵਹਿਸ਼ੀ ਨ੍ਹੇਰਾ ਕਿਰਨਾਂ ਤਾਈਂ ਨਿੱਤ ਏਦਾਂ ਨਾ ਖਾਏ
ਜੇ ਹਰ ਬੰਦਾ ਹੀ ਬਣ ਜਾਏ ਸੂਰਜ ਦਾ ਸਿਰਨਾਵਾਂ।

□

ਜੰਗਲ ਦੀ ਅੱਗ ਫੈਲ ਰਹੀ ਏ, ਪੰਛੀ ਰਹੇ ਕੁਰਲਾ।
ਬਦਲਾ ਵੇ ਤੂੰ ਇਸ ਧਰਤੀ ਤੇ ਮਿਹਰ ਦਾ ਮੀਂਹ ਬਰਸਾ।

ਕਾਲੇ ਝੱਖੜ ਜ਼ਹਿਰੀ ਤੂਫਾਂ ਚਲਦੇ ਰਹੇ ਜੇ ਏਦਾਂ
ਸਾਡੇ ਬਾਗ਼ ਦੇ ਸਾਰੇ ਹੀ ਫੁੱਲ ਜਾਵਣਗੇ ਕੁਮਲਾ।

ਧਰਮ ਦੇ ਠੇਕੇਦਾਰਾਂ ਜਦ ਵੀ ਫਿਰਕੂ ਅੱਗ ਲਗਾਈ
ਰਾਮ ਮੁਹੰਮਦ ਨਾਨਕ ਦਿਤੇ ਸੂਲੀ ਤੇ ਲਟਕਾ।

ਬੰਬ ਗੋਲੀਆਂ ਟੈਂਕਾਂ ਤੋਪਾਂ ਕਰਨਾ ਨਹੀਂ ਨਿਬੇੜਾ
ਹਰ ਮਸਲਾ ਹੱਲ ਹੋ ਸਕਦੈ ਜੇ ਕਰੀਏ ਦਿਲ ਦਰਿਆ।

ਚੰਨ ਤਾਰਿਆਂ ਉੱਤੇ ਜਾ ਕੇ ਉਹਨਾਂ ਕੀ ਰੰਗ ਲਾਉਣੈ
ਇਸ ਧਰਤੀ ਤੇ ਮੌਤ ਦੇ ਜਿਹੜੇ ਰਹੇ ਨੇ ਬੀਜ ਖਿੰਡਾ।

ਸਾਡੀਆਂ ਕਰਤੂਤਾਂ ਨੇ ਵਿੰਨਿਐਂ ਨਾਨਕ ਰਾਮ ਦਾ ਸੀਨਾ
ਵੇਖ ਅਸਾਡੇ ਪਾਗ਼ਲਪਨ ਨੂੰ ਰੋਵੇ ਰੋਜ਼ ਖ਼ੁਦਾ।

ਖਵਰੇ ਬੰਦਾ ਕਿਉਂ ਬੰਦੇ ਦੀ ਜਾਨ ਦਾ ਵੈਰੀ ਬਣਿਐ
ਲੋੜ ਹੈ ਜਦ ਕਿ ਹਰ ਬੰਦੇ ਦੀ ਬੰਦਾ ਬਣੇ ਦਵਾ।

ਹਰ ਦਿਲ ਅੰਦਰ ਪਿਆਰ ਦਾ ਚਾਨਣ ਤੇ ਹਮਦਰਦੀ ਹੋਵੇ
ਮੰਗਦਾ ਹੈ 'ਕੁਲਵੰਤ' ਤੇਰੇ ਤੋਂ ਮੌਲਾ ਰੋਜ਼ ਦੁਆ।

□

ਰੋਜ਼ ਟੁਟਦੇ ਨੇ ਚੂੜੇ ਰੋਜ਼ ਮਿਟਦੇ ਸੁਹਾਗ।
ਕੌਣ ਲਿਖ ਗਿਆ ਚੰਦਰਾ ਪੰਜਾਬ ਦੇ ਇਹ ਭਾਗ।

ਫੁੱਲ ਖਿੜਦੇ ਸੀ ਜਿਥੇ ਮਹਿਕਾਂ ਵੰਡਦੀ ਸੀ ਪੌਣ
ਅੱਜ ਵਾਂਗ ਸ਼ਮਸ਼ਾਨ ਓਹੀ ਜਾਪਦਾ ਹੈ ਬਾਗ।

ਚੰਦ ਨਾਲੋਂ ਸੀ ਜੋ ਸੋਹਣਾ ਹੀਰਾਂ ਰਾਂਝਿਆਂ ਦਾ ਦੇਸ
ਵੰਡ ਕਾਤਿਲਾਂ ਨੇ ਲਾਏ ਓਹਦੇ ਮੱਥੇ ਉੱਤੇ ਦਾਗ਼।

ਬੋਲ ਮਿੱਠੜੇ ਗੁਆਚੇ ਸਾਥੋਂ ਖੁਸ ਗਏ ਨੇ ਹਾਸੇ
ਸਾਂਝ ਦੁੱਧ ਨੂੰ ਹੈ ਲਗੀ ਵਿਸ ਫਿਰਕੂ ਦੀ ਜਾਗ।

ਹਰ ਮੋੜ ਤੇ ਨੇ ਪੈਂਦੇ ਏਥੇ ਘੁੱਗੀਆਂ ਨੂੰ ਬਾਜ
ਰਾਤੀਂ ਪੈਂਦੇ ਨੇ ਪਰੇਤ ਦਿਨੇ ਡਸਦੇ ਨੇ ਨਾਗ।

ਰੋਜ਼ ਫੈਲਦੈ ਹਨੇਰ ਦੂਰ ਜਾਪਦੀ ਸਵੇਰ
ਰੋਜ਼ ਘਰਾਂ 'ਚੋਂ ਨੇ ਬੁੱਝ ਜਾਂਦੇ ਘਰਾਂ ਦੇ ਚਿਰਾਗ਼।

ਜਿਨ੍ਹੂੰ ਰਾਖਿਆਂ ਦੇ ਭੇਸ ਵਿਚ ਲੈ ਗੇ ਜਮਦੂਤ
ਰੋਜ਼ ਮਾਂ ਓਸ ਪੁੱਤ ਲਈ ਉਡਾਂਦੀ ਰਹਿੰਦੀ ਕਾਗ।

ਤੀਆ ਮੇਲਿਆਂ 'ਚ ਗਿੱਧੇ ਨਾ ਉਹ ਭੰਗੜੇ ਨਾ ਗੀਤ
ਲੈ ਗਈ ਲੁੱਟ ਕੇ ਹਨੇਰੀ ਹੇਕਾਂ ਕਲੀਆਂ ਤੇ ਰਾਗ।

□

ਪਾਣੀ ਕਿਤੋਂ ਲਿਆਓ ਪੰਜਾਬ ਸੜ ਰਿਹਾ ਹੈ।
ਜਾਗੋ ਕਿ ਅੱਗ ਬੁਝਾਓ ਪੰਜਾਬ ਸੜ ਰਿਹਾ ਹੈ।

ਮੰਤਰ ਪਿਆਰ ਦਾ ਪੜ੍ਹ ਮੇਟੇ ਜੋ ਵਿੱਥ ਦਿਲਾਂ ਦੀ,
ਉਹ ਮਾਂਦਰੀ ਬੁਲਾਓ ਪੰਜਾਬ ਸੜ ਰਿਹਾ ਹੈ।

ਇਨਸਾਨ ਦਾ ਲਹੂ ਤਾਂ ਵੰਡਿਆ ਨਹੀਂ ਹੈ ਜਾਣਾ,
ਨਾ ਖ਼ੂਨ ਵਿਚ ਨਹਾਓ ਪੰਜਾਬ ਸੜ ਰਿਹਾ ਹੈ।

ਬੱਚੇ ਯਤੀਮ ਨੇ ਜੋ ਮਾਸੂਮ ਵਿਲਕਦੇ ਨੇ
ਨਾ ਹੋਰ ਜ਼ੁਲਮ ਢਾਓ, ਪੰਜਾਬ ਸੜ ਰਿਹਾ ਹੈ।

ਹਨ ਖੇਤ ਰੱਤ ਨੇ ਸਿੰਜੇ, ਪੌਣਾਂ 'ਚ ਜ਼ਹਿਰ ਘੁਲਿਆ
ਲਾਂਬੂ ਨਾ ਹੋਰ ਲਾਓ, ਪੰਜਾਬ ਸੜ ਰਿਹਾ ਹੈ।

ਸੋਚੋ ਨਾ ਸਿਰਫ ਵੋਟਾਂ ਜਾਂ ਕੁਰਸੀਆਂ ਦੀ ਖਾਤਿਰ
ਜ਼ਖਮਾਂ ਤੇ ਮਰ੍ਹਮ ਲਾਓ ਪੰਜਾਬ ਸੜ ਰਿਹਾ ਹੈ।

ਸੰਸਦ ਭਵਨ 'ਚ ਕਦ ਤਕ ਗਰਜਦੇ ਰਹੋਗੇ
ਬੱਦਲੋ ਅਗਾਂਹ ਵੀ ਆਓ ਪੰਜਾਬ ਸੜ ਰਿਹਾ ਹੈ।

ਵੰਡ ਨਫਰਤਾਂ ਦੀ ਬੋਲੀ ਸਾਨੂੰ ਉਜਾੜ ਸੁਟਿਐ
ਨਾਨਕ ਦੀ ਬਾਣੀ ਗਾਓ, ਪੰਜਾਬ ਸੜ ਰਿਹਾ ਹੈ।

ਭੰਗੜੇ ਉਦਾਸ ਸਾਡੇ ਤੀਆਂ ਨੇ ਸੋਗੀ ਸੋਗੀ
ਸ਼ਿਵ ਮੋਹਨ ਨੂੰ ਮਿਲਾਓ, ਪੰਜਾਬ ਸੜ ਰਿਹਾ ਹੈ।

ਦਨਦਨਾਉਂਦੇ ਕਾਤਿਲਾਂ ਤੋਂ ਨਾ ਡਰੋ।
ਹਰ ਹਨੇਰੇ ਨਾਲ ਬਣ ਸੂਰਜ ਲੜੋ।

ਜਾਬਰਾਂ ਦਾ ਜ਼ੁਲਿਮ ਹੈ ਜੇ ਰੋਕਣਾ
ਫੜ ਭਗੌਤੀ ਵਾਰ ਚੰਡੀ ਦੀ ਪੜ੍ਹੋ।

ਕੌਣ ਹੈ ਜੋ ਡੋਲਿਆ ਡਿੱਗਿਆ ਨਹੀਂ
ਸੋਚ ਕੇ ਇਲਜ਼ਾਮ ਹੋਰਾਂ ਤੇ ਮੜ੍ਹੋ।

ਸੜ ਰਿਹਾ ਜੰਗਲ ਜੇ ਕਰਨਾ ਪਾਰ ਹੈ
ਬਣ ਘਟਾ ਸਾਉਣ ਦੀ ਖੁਲ੍ਹ ਕੇ ਵਰ੍ਹੋ।

ਸ਼ੂਕਦੇ ਦਰਿਆ ਨੇ ਰਾਹ ਕੀ ਰੋਕਣੈ
ਏਕਤਾ ਜੇ ਸੂਝ ਦੇ ਚੱਪੂ ਫੜੋ।

ਪੀੜ ਬੇਗਾਨੇ ਕਿਸੇ ਹਰਨੀ ਨਹੀਂ
ਪੀੜ ਅਪਣੀ ਆਪ ਹੀ ਮਿਲ ਕੇ ਹਰੋ।

ਵਾਂਗ ਫੁੱਲਾਂ ਧਰਤ ਖਿੜ ਜਾਏਗੀ ਫਿਰ
ਪਿਆਰ ਦੀ ਬਾਣੀ ਜੇ ਸਭ ਮਿਲ ਕੇ ਪੜ੍ਹੋ।

ਮੋਮ ਹੋ ਜਾਵੇ ਜੋ ਸੁਣ ਕੇ ਦਰਦ ਨੂੰ
ਦੇਵਤਾ ਅਪਣਾ ਨਵਾਂ ਐਸਾ ਘੜੋ।

ਜੇ ਨਾ ਫਿਰਕੂ ਜਨੂੰ ਦੀ ਹਨੇਰੀ ਹਟੀ, ਫੁੱਲ ਰਹਿੰਦੇ ਨੇ ਜਿਹੜੇ ਉਹ ਝੜ ਜਾਣਗੇ।
ਇਸ ਤਰ੍ਹਾਂ ਹੀ ਜੇ ਨਫ਼ਰਤ ਰਹੀ ਫੈਲਦੀ, ਰੁੱਖ ਸੜ ਜਾਣਗੇ ਬੋਟ ਮਰ ਜਾਣਗੇ।

ਉਹ ਜੋ ਹੋਰਾਂ ਲਈ ਸੱਪ ਨੇ ਪਾਲਦੇ, ਮੌਤ ਦੇ ਨਾਲ ਉਹ ਨੇ ਪਏ ਖੇਡਦੇ।
ਖੁੱਲ੍ਹ ਸੱਪਾਂ ਦੀ ਜੇ ਕਰ ਪਟਾਰੀ ਗਈ, ਆਪ ਸੱਪਾਂ ਤੋਂ ਬਚ ਕੇ ਕਿਧਰ ਜਾਣਗੇ !

ਵਾਵਰੋਲੇ ਜੇ ਚੰਦਰੇ ਇਹ ਚਲਦੇ ਰਹੇ, ਸਾਡੇ ਪਿੱਪਲਾਂ ਤੇ ਬੋਹੜਾਂ ਨੂੰ ਪੁੱਟ ਦੇਣਗੇ,
ਇਸ ਤਰ੍ਹਾਂ ਹੀ ਜੇ ਆਸਾਂ ਤੇ ਕੋਰਾ ਰਿਹਾ , ਗੀਤ ਕੋਇਲਾਂ ਦੇ ਕੰਠਾਂ 'ਚ ਠਰ ਜਾਣਗੇ।

ਹਿਰਨ ਹੀਰੇ ਜੇ ਜਾਲਾਂ 'ਚ ਫਸਦੇ ਰਹੇ, ਫੇਰ ਡਾਰਾਂ ਦੀ ਕਿਸਮਤ ਦਾ ਹੋਵੇਗਾ ਕੀ ?
ਜੇ ਨਾ ਸਰਘੀ ਦਾ ਚਾਨਣ ਅਸੀਂ ਬਣ ਸਕੇ,ਚਾਰ ਕੂੰਟੀ ਹਨੇਰੇ ਪਸਰ ਜਾਣਗੇ।

ਏਸ ਧਰਤੀ ਤੇ ਜੇ ਕਰ ਨਾ ਆਦਮ ਰਿਹਾ, ਜਿੱਤ ਦਾ, ਹਾਰ ਦਾ ਅਰਥ ਹੋਵੇਗਾ ਕੀ
ਚਾਰ ਯੁੱਗਾਂ 'ਚ ਸੁਪਨੇ ਜੋ ਸਿਰਜੇ ਅਸੀਂ, ਚਾਰ ਘੜੀਆਂ 'ਚ ਸੁਪਨੇ ਬਿਖਰ ਜਾਣਗੇ।

ਉਹ ਜੋ ਹੋਣੀ ਨੂੰ ਬਦਲਣ ਲਈ ਮਿੱਟ ਗਏ, ਨਾਮ ਉਹਨਾਂ ਦਾ ਹੋਣੀ ਤੋਂ ਮਿਟਣਾ ਨਹੀਂ
ਤੇ ਜੋ ਹੋਣੀ ਤੋਂ ਡਰ ਡਰ ਕੇ ਲੁੱਕਦੇ ਰਹੇ, ਘੁਰਨਿਆਂ ਵਿਚ ਉਹ ਬੈਠੇ ਵੀ ਮਰ ਜਾਣਗੇ।

ਧਰਮ ਦਾ, ਜ਼ਾਤ ਦਾ, ਉਚ ਦਾ, ਨੀਚ ਦਾ, ਜੇ ਨਾ ਸਾਡੇ 'ਚ ਕੋਈ ਵੀ ਝੇੜਾ ਰਹੇ
ਵਾਂਗ ਗੁਲਜ਼ਾਰ ਸਾਰੀ ਇਹ ਧਰਤੀ ਖਿੜੇ, ਜੋ ਧੁਆਂਖੇ ਨੇ ਚਿਹਰੇ ਨਿਖ਼ਰ ਜਾਣਗੇ।

ਹਰ ਨਵੇਂ ਫੁੱਲ ਦੀ ਆਪਣੀ ਮਹਿਕ ਹੈ, ਆਪਣਾ ਰੰਗ ਨਵੇਲਾ ਨਵਾਂ ਰੂਪ ਹੈ
ਆਪ ਖਿੜੀਏ ਜੇ ਹੋਰਾਂ ਨੂੰ ਦਈਏ ਖਿੜਣ, ਦਿਨ ਜੋ ਵਿਗੜੇ ਨੇ ਸਾਡੇ ਸੰਵਰ ਜਾਣਗੇ।

ਏਕਤਾ ਦੀ ਬਣਾ ਕੇ ਅਸੀਂ ਬੰਸਰੀ, ਪਿਆਰ ਦੀ ਫਿਰ ਕੋਈ ਛੇੜੀਏ ਰਾਗਣੀ
ਦੌਰ ਹਿੰਸਾ ਦਾ ਜੇ ਨਾ ਅਸੀਂ ਰੋਕਿਆ, ਇਹ ਸ਼ਹਿਰ, ਇਹ ਗਰਾਂ ਸਭ ਉੱਜੜ ਜਾਣਗੇ।

□

ਤਾਰਿਆਂ ਦੀ ਬਾਤ ਪਾਈਏ ਰਾਤ ਭਰ।
ਸੂਰਜਾਂ ਦੇ ਗੀਤ ਗਾਈਏ ਰਾਤ ਭਰ।

ਚਲ ਰਿਹੈ ਠੱਕਾ ਹਨੇਰਾ ਹੈ ਬੜਾ
ਜਜ਼ਬਿਆਂ ਨੂੰ ਹੀ ਮਘਾਈਏ ਰਾਤ ਭਰ।

ਦਿਨ ਚੜੇ ਚਾਰਾ ਲਵਾਂਗੇ ਕਰ ਕੁਈ
ਦਰਦ ਅਪਣਾ ਤਾਂ ਸੁਲਾਈਏ ਰਾਤ ਭਰ।

ਇਸ ਹਨੇਰੀ ਵਿਚ ਜੋ ਦੀਵੇ ਬਲ ਰਹੇ
ਓਟ ਦੇ ਬੁਝਣੋਂ ਬਚਾਈਏ ਰਾਤ ਭਰ।

ਮੱਚ ਰਹੇ ਭਾਂਬੜ ਜੋ ਨਫ਼ਰਤ ਵੈਰ ਦੇ
ਬਣ ਘਟਾ ਭਾਂਬੜ ਬੁਝਾਈਏ ਰਾਤ ਭਰ।

ਨਾਚ ਨਚੀਏ ਦੋਸਤੀ ਦਾ ਪਿਆਰ ਦਾ
ਜਾਮ ਖੁਸ਼ੀਆਂ ਦੇ ਪਿਲਾਈਏ ਰਾਤ ਭਰ।

ਰਾਤ ਰਾਣੀ ਖੁਸ਼ਬੂ ਸਭ ਨੂੰ ਵੰਡ ਸਕੇ
ਜੇ ਅਸੀਂ ਕੰਧਾਂ ਗਿਰਾਈਏ ਰਾਤ ਭਰ।

□

ਸਾਂਝ ਜਿਨਾ ਦੀ ਸਦੀਵੀ ਹੈ ਸਵੇਰਿਆਂ ਦੇ ਨਾਲ।
ਓਹੀ ਝੂਜਦੇ ਨੇ ਚੰਦਰੇ ਹਨੇਰਿਆਂ ਦੇ ਨਾਲ।

ਪੰਜਾਂ ਪਾਣੀਆਂ ਦੇ ਪੁੱਤ ਏਸ ਧਰਤੀ ਦੇ ਜਾਏ
ਲੋਹਾ ਲੈਣ ਹਰ ਵਾਰ ਹੀ ਲੁਟੇਰਿਆਂ ਦੇ ਨਾਲ।

ਸੇਕ ਝੁੱਗੀਆਂ ਦੀ ਲਾਟ ਦਾ ਨਾ ਸਕਣਾ ਸਹਾਰ
ਧੁੱਪ ਰੋਕੀ ਜਿਨਾਂ ਮਹਿਲਾਂ ਦੇ ਬਨੇਰਿਆਂ ਦੇ ਨਾਲ।

ਆਏ ਰਾਹ ਵਿਚ ਔਕੜਾਂ ਦੇ ਜਿੰਨੇ ਵੀ ਪਹਾੜ
ਕੀਤੇ ਪਾਰ ਅਸੀਂ ਆਪਣੇ ਉਹ ਜੇਰਿਆਂ ਦੇ ਨਾਲ।

ਛੱਲਾਂ ਆਉਣ ਭਰਮਾ ਕੇ ਝੱਟ ਪੱਟ ਲੰਘ ਜਾਣ
ਇਹ ਨੇ ਬੇੜੀਆਂ ਨਿਭਾਉਣ ਜੋ ਮਛੇਰਿਆਂ ਦੇ ਨਾਲ।

ਮਾਰ ਮੱਥੇ ਉਤੇ ਹੱਥ ਪਿਛੋਂ ਓਹੀ ਲੋਕ ਰੋਣ
ਯਾਰੀ ਲਾਉਣ ਜਿਹੜੇ ਫਸਲੀ ਬਟੇਰਿਆਂ ਦੇ ਨਾਲ।

□

ਆਪਣੇ ਹੀ ਘਰ 'ਚ ਆਇਆ ਬਣ ਕੇ ਜੋ ਅਜਨਬੀ ਹੈ।
ਸੋਚੋ ਕਿ ਉਸ ਬਸ਼ਰ ਦੇ ਦਿਲ ਤੇ ਕੀ ਗੁਜ਼ਰਦੀ ਹੈ।

ਜੋ ਖੁਲ੍ਹ ਕੇ ਹੱਸ ਸਕੇ ਨਾ ਹੁੱਬਕੀਂ ਜੋ ਰੋ ਸਕੇ ਨਾ
ਉਹ ਬਦਨਸੀਬ ਹਾਂ ਮੈਂ ਜਿਸ ਦੀ ਇਹ ਬੇਬਸੀ ਹੈ।

ਬਚਪਨ ਦੀ ਸਰਘੀ ਵੇਲੇ ਤੇਰੇ ਤੋਂ ਵਿਛੜਿਆ ਸਾਂ
ਆਇਆਂ ਹਾਂ ਪਰਤ ਕੇ ਜਦ ਤਾਂ ਸ਼ਾਮ ਢਲ ਰਹੀ ਹੈ।

ਨਾ ਵਿਛੜਣਾ ਸੀ ਵਸ ਵਿਚ ਨਾ ਮੇਲ ਵਸ 'ਚ ਸਾਡੇ
ਅੱਜ ਤੀਕ ਡੋਰ ਸਾਡੀ ਦੂਰੋਂ ਹੀ ਹਿੱਲ ਰਹੀ ਹੈ।

ਮੱਥੇ ਨੂੰ ਧੂੜ ਲਾ ਕੇ ਕੰਧਾਂ ਨੂੰ ਚੁੰਮ ਰਿਹਾ ਹਾਂ
ਦੌਲਤ ਇਹ ਪੁਰਖਿਆਂ ਦੀ ਮੈਨੂੰ ਮਸਾਂ ਮਿਲੀ ਹੈ।

ਏਸੇ ਹੀ ਧਰਤ ਦਾ ਮੈਂ ਉਹ ਬਦਨਸੀਬ ਪੁੱਤ ਹਾਂ
ਹੋਣੀ ਨੇ ਜਿਸ ਦੇ ਕੋਲੋਂ ਮਾਂ ਉਸ ਦੀ ਖੋਹ ਲਈ ਹੈ।

ਚਾਚਾ ਰਿਹਾ ਨਾ ਮਾਮਾ, ਮਾਸੀ ਰਹੀ ਨਾ ਫੁੱਫੀ
ਖੁਸ਼ੀਆਂ ਭਰੀ ਉਹ ਦੁਨੀਆਂ ਕਿੰਨ੍ਹੀ ਬਦਲ ਗਈ ਹੈ।

ਗਾਉਂਦੇ ਸੀ ਜਿਸ 'ਚ ਢੋਲੇ ਬਾਲੋ ਤੇ ਮਾਹੀਆ ਟੱਪੇ
ਪੰਛੀ ਇਸ ਬਾਰ ਦੇ ਨੂੰ ਬੋਲੀ ਉਹ ਭੁੱਲ ਗਈ ਹੈ।

ਜਾਗੋ ਪੰਜਾਬੀਓ ਜੇ ਕੁਝ ਵੀ ਨਹੀਂ ਅਸੰਭਵ
ਵੰਡਿਆ ਸੀ ਜਰਮਨੀ ਜਿਸ ਉਹ ਕੰਧ ਢਹਿ ਗਈ ਹੈ।

ਰਾਹ ਪੌਣਾਂ ਦਾ ਜਿਸ ਰੋਕਿਆ ਦੋਸਤੋ।
ਰੇਤ ਦੇ ਵਾਂਗ ਉਹ ਉੱਡ ਗਿਆ ਦੋਸਤੋ।

ਇਹ ਜੁ ਲਗਦੀ ਹੈ ਬਦਲੀ ਹਵਾ ਦੋਸਤੋ।
ਕੀ ਕਰੇਗੀ ਕੀ ਇਸਦਾ ਪਤਾ ਦੋਸਤੋ।

ਚੜ੍ਹ ਹਨੇਰੇ ਦੀ ਸੂਲੀ ਜੋ ਹਸਦੀ ਰਹੀ
ਉਹ ਸੁਬਾਹ ਦੀ ਸੀ ਪਹਿਲੀ ਸ਼ੁਆ ਦੋਸਤੋ।

ਜ਼ੋਰ ਅਪਣਾ ਤੂਫਾਨਾਂ ਲਗਾਇਆ ਬੜਾ
ਦੀਪ ਤੋਂ ਦੀਪ ਬਲਦਾ ਰਿਹਾ ਦੋਸਤੋ।

ਰੋਜ਼ ਮਾਸੂਮ ਨਿਰਦੋਸ਼ ਹੁੰਦੇ ਕਤਿਲ
ਰੋਜ਼ ਬਣਦੈ ਨਵਾਂ ਕਰਬਲਾ ਦੋਸਤੋ।

ਸ਼ਹਿ ਲਗਾ ਕੇ ਨੇ ਬੈਠੇ ਸ਼ਿਕਾਰੀ ਬੜੇ
ਹੈ ਅਜੇ ਸਿਰ ਤੇ ਹਰ ਇਕ ਬਲਾ ਦੋਸਤੋ।

ਇਸ ਬਈਮਾਨ ਤੇ ਸਾਜਿਸ਼ੀ ਦੌਰ ਵਿਚ
ਪਾਕਿ ਦਾਮਨ ਹੈ ਕਿਸ ਦਾ ਰਿਹਾ ਦਸਤੋ।

ਹਰ ਖਬਰ 'ਚੋਂ ਲਹੂ ਦੀ ਹੈ ਬੋ ਆ ਰਹੀ
ਜਾਪਦਾ ਹੈ ਖੁਦਾ ਮਰ ਗਿਆ ਦੋਸਤੋ।

ਓਸ ਬੇੜੀ ਨੇ ਕੰਢੇ ਤੇ ਲਗਣਾ ਹੈ ਕੀ
ਕਰ ਰਹੇ ਛੇਕ ਜਿਸ ਵਿਚ ਮਲਾਹ ਦਸਤੋ।

ਬੋਲ ਜੋ ਵੀ ਨੇ ਲੋਕਾਂ ਲਈ ਸੂਰਜ ਬਣੇ
ਤਾਜ ਵੀ ਨਾ ਸਕੇ ਉਹ ਮਿਟਾ ਦੋਸਤੋ।

ਸੱਚ ਦੀ ਰੌਸ਼ਨੀ ਹਰ ਗ਼ਜ਼ਲ ਜੇ ਬਣੇ
ਫਿਰ ਮਿਟੇ ਰਾਤ ਕਾਲੀ ਸਿਆਹ ਦੋਸਤੋ।

□

ਚੰਨ ਸੂਰਜ ਤਾਰਿਆਂ ਦੀ ਬਾਤ ਪਾ ਤੂੰ ਐ ਦਿਲਾ।
ਫੇਰ ਛੰਨਾਂ ਢਾਰਿਆਂ ਦੀ ਬਾਤ ਪਾ ਤੂੰ ਐ ਦਿਲਾ।

ਖ਼ੂਨ ਦੇ ਦਰਿਆ ਬਹਾ ਕੇ ਜਿੱਤ ਗਏ ਵਹਿਸ਼ੀ ਤਾਂ ਕੀ
ਢਾਲ ਬਣ ਕੇ ਹਾਰਿਆਂ ਦੀ ਬਾਤ ਪਾ ਤੂੰ ਐ ਦਿਲਾ।

ਮਾਣ ਕਰ ਇਕ ਦੋ ਸ਼ਹੀਦਾਂ ਤੇ ਹੀ ਨਾ ਹਰ ਵਾਰ ਤੂੰ
ਮਰ ਮਿਟੇ ਜੋ ਸਾਰਿਆਂ ਦੀ ਬਾਤ ਪਾ ਤੂੰ ਐ ਦਿਲਾ।

ਦੁੱਧ ਚਿੱਟੇ ਦਿਸ ਰਹੇ ਨੇਤਾ ਜੋ ਕਰਦੇ ਰਾਤ ਨੂੰ
ਉਹਨਾਂ ਦੇ ਕਾਲੇ ਕਾਰਿਆਂ ਦੀ ਬਾਤ ਪਾ ਤੂੰ ਐ ਦਿਲਾ।

ਦੁਸ਼ਮਣੀ ਦੀ ਈਰਖਾ ਦੀ ਗਲ ਨਾ ਹੁਣ ਕਰ ਕੋਈ
ਜਾਨ ਤੋਂ ਵੀ ਪਿਆਰਿਆਂ ਦੀ ਬਾਤ ਪਾ ਤੂੰ ਐ ਦਿਲਾ।

ਕੀ ਗਿਲਾ ਜੇ ਕਰ ਕੋਈ ਇਕਰਾਰ ਨਾ ਸਕਿਆ ਨਿਭਾ
ਜੀਣ ਲਈ ਕੁਝ ਲਾਰਿਆਂ ਦੀ ਬਾਤ ਪਾ ਤੂੰ ਐ ਦਿਲਾ।

ਰੌਸ਼ਨੀ ਕਿਰਨਾਂ ਦੀ ਰਿਸ਼ਮਾਂ ਦੀ ਕਹਾਣੀ ਲਿਖ ਨਵੀਂ
ਮਹਿਕ ਫੁੱਲਾਂ ਨਿਆਰਿਆਂ ਦੀ ਬਾਤ ਪਾ ਤੂੰ ਐ ਦਿਲਾ।

ਬੁੱਧ ਈਸਾ ਤੇ ਗੁਰੂ ਨਾਨਕ ਜੋ ਬੁਲ੍ਹਾ ਕਹਿ ਗਏ
ਸੱਚ ਦੇ ਵਣਜਾਰਿਆਂ ਦੀ ਬਾਤ ਪਾ ਤੂੰ ਐ ਦਿਲਾ।

ਟੁੱਟਿਆ ਜੋ ਵੀ ਜੜਾਂ ਨਾਲੋਂ ਹਰਾ ਹੋਇਆ ਨਹੀਂ
ਕਾੜਣੀ ਦੀ ਹਾਰਿਆਂ ਦੀ ਬਾਤ ਪਾ ਤੂੰ ਐ ਦਿਲਾ।

□

ਸੁੱਤੇ ਲੋਕ ਜਗਾਉਂਦਾ ਜਾ।
ਅਪਣਾ ਫਰਜ਼ ਨਿਭਾਉਂਦਾ ਜਾ।

ਨਫ਼ਰਤ ਵੈਰ ਮਿਟਾਣ ਲਈ
ਮੋਹ ਦੇ ਬੂਟੇ ਲਾਉਂਦਾ ਜਾ।

ਪਿਆਰ ਮੁਹੱਬਤ ਵਾਲੇ ਜੋ
ਸਭ ਨੂੰ ਜਾਮ ਪਿਲਾਉਂਦਾ ਜਾ।

ਹਰ ਨੇਤਾ ਦੇ ਚਿਹਰੇ ਤੋਂ
ਦੰਭ ਦੇ ਪਰਦੇ ਲਾਹੁੰਦਾ ਜਾ।

ਵਿੱਥਾਂ ਨੂੰ ਜੋ ਮੇਟ ਦਵੇ
ਐਸੀ ਗ਼ਜ਼ਲ ਸੁਣਾਉਂਦਾ ਜਾ।

ਫਸਣ ਸ਼ਿਕਾਰੀ ਜਿਸ ਵਿਚ ਖ਼ੁੱਦ
ਐਸਾ ਜਾਲ ਵਿਛਾਉਂਦਾ ਜਾ।

ਚਾਨਣ ਅੱਖਰ ਜਿੱਤਣ ਜਦ
ਰੱਜ ਕੇ ਜਸ਼ਨ ਮਨਾਉਂਦਾ ਜਾ।

ਮੇਲਣ ਪੂਰਬ ਪੱਛਮ ਜੋ
ਐਸੇ ਰਾਹ ਦਰਸਾਉਂਦਾ ਜਾ।

ਪਾਪ ਦਾ ਜੋ ਵੀ ਬੇੜਾ ਹੈ ਤਰਨਾ ਨਹੀਂ।
ਚਾਨਣੇ ਨੇ ਹਨੇਰੇ ਤੋਂ ਹਰਨਾ ਨਹੀਂ।

ਸੱਚ ਕਹਿਣਾ ਹੈ ਜਿਹੜੇ ਵੀ ਸੁਕਰਾਤ ਨੇ
ਓਸ ਨੇ ਮੌਤ ਕੋਲੋਂ ਤਾਂ ਡਰਨਾ ਨਹੀਂ।

ਬਣ ਕੇ ਚਾਨਣ ਦਾ ਹੜ ਲੋਕ ਉੱਠੇ ਜਦੋਂ
ਰਾਹ 'ਚ ਫਿਰਕੂ ਹਨੇਰੇ ਨੇ ਖੜਣਾ ਨਹੀਂ।

ਆਪ ਪਾਗਲ ਹਨੇਰੇ ਉਹ ਖੁੱਦ ਮਿੱਟ ਗਏ
ਸੋਚਦੇ ਸੀ ਜੋ ਸੂਰਜ ਨੇ ਚੜ੍ਹਣਾ ਨਹੀਂ।

ਝੋਲ ਆਪਣੀ ਜੇ ਲੋਕਾਂ ਨਾ ਆਪੇ ਭਰੀ
ਫਿਰ ਕਿਸੇ ਝੋਲ ਉਹਨਾਂ ਦੀ ਭਰਨਾ ਨਹੀਂ।

ਕਰਨਗੇ ਓਹੀ ਫੁੱਲਾਂ ਦੇ ਛਲਣੀ ਜਿਸਮ
ਦਰਦ ਮਮਤਾ ਦਾ ਜਿੰਨ੍ਹਾਂ ਸਮਝਣਾ ਨਹੀਂ।

ਬਾਲ ਖੁੰਢਾਂ ਨੂੰ ਲੋਹੜੀ ਅਸੀਂ ਬਾਲੀਏ
ਰਾਤ ਠੰਡੀ ਨੇ ਵਰਨਾ ਗੁਜ਼ਰਨਾ ਨਹੀਂ

ਬੈਠ ਕਿਸਮਤ ਜੇ ਆਪਣੀ ਰਹੇ ਕੋਸਦੇ
ਫੇਰ ਕਿਸਮਤ ਕਦੇ ਵੀ ਸੰਵਰਨਾ ਨਹੀਂ।

□

ਚਲੋ ਚਲੀਏ ਨਹੀਂ ਰੁਕਣਾ, ਗਲ ਮੰਜ਼ਿਲ ਦੀ ਹੀ ਕਰੀਏ।
ਹਨੇਰੀ ਰਾਤ ਦੇ ਵਾਲਾਂ 'ਚ ਕੁਝ ਜੁਗਨੂੰ ਅਸੀਂ ਜੜੀਏ।

ਕਿਸੇ ਅੰਬਰ ਦੇ ਤਾਰੇ ਨੇ ਹਨੇਰਾ ਦੂਰ ਨਈਂ ਕਰਨਾ
ਦਿਲਾਂ ਦੇ ਬਾਲ ਕੇ ਦੀਵੇ ਕਿ ਆਓ ਰੌਸ਼ਨੀਂ ਕਰੀਏ।

ਅਸੀਂ ਆਪਣੇ ਘਰਾਂ ਚੋਂ ਪੁੱਟੀਏ ਕੰਡਿਆਲੀਆਂ ਥੋਹਰਾਂ
ਖਿੜੇ ਫੁੱਲਾਂ ਦੇ ਗਮਲੇ ਵਿਹੜਿਆਂ ਵਿਚ ਫਿਰ ਅਸੀਂ ਧਰੀਏ।

ਘੜੇ ਦਾ ਕੀ ਭਰੋਸਾ ਹੈ ਇਹ ਰੁੜ ਜਾਏ ਕਿ ਖੁਰ ਜਾਏ
ਬਣਾ ਬਾਹਾਂ ਨੂੰ ਹੀ ਚੱਪੂ ਹਰ ਮੁਸ਼ਕਿਲ ਝਨਾਂ ਤਰੀਏ।

ਅਸਾਡੀ ਏਕਤਾ ਹੋਵੇ ਜੇ ਸਾਨੂੰ ਸੂਝ ਆ ਜਾਵੇ
ਅਸੀਂ ਧੁੱਪਾਂ 'ਚ ਨਾ ਸੜੀਏ, ਅਸੀਂ ਪਾਲੇ 'ਚ ਨਾ ਠਰੀਏ।

ਗਿਰਾ ਨਫ਼ਰਤ ਦੀਆਂ ਕੰਧਾਂ ਬਣਾਈਏ ਧਰਤ ਨੂੰ ਰੰਗਲੀ
ਅਸੀਂ ਸੁਰਗਾਂ ਤੋਂ ਕੀ ਲੈਣੈਂ, ਅਸੀਂ ਨਰਕਾਂ ਤੋਂ ਕਿਉਂ ਡਰੀਏ।

ਬਥੇਰਾ ਪੜ੍ਹ ਲਿਐ ਗੀਤਾ ਗਰੰਥਾਂ ਤੇ ਕਤੇਬਾਂ ਨੂੰ
ਮਿਰੇ ਯਾਰੋ ਸਨੇਹ ਦੇ ਕੁਝ ਕੁ ਅੱਖਰ ਵੀ ਅਸੀਂ ਪੜ੍ਹੀਏ।

ਰਹੇ ਸਦੀਆਂ ਤੋਂ ਸਰਹੱਦਾਂ ਤੇ ਉਗਦੇ ਮੌਤ ਦੇ ਬੂਟੇ
ਉਨ੍ਹਾਂ ਦੀ ਥਾਂ ਤੇ ਹੁਣ ਦੀਵੇ ਮੁਹੱਬਤ ਦੇ ਅਸੀਂ ਧਰੀਏ।

ਅਮਨ ਦੀ ਪਿਆਰ ਦੀ ਤੇ ਦੋਸਤੀ ਦੀ ਮਹਿਕ ਬਣ ਜਾਈਏ
ਕਿ ਸੱਤੇ ਰੰਗ ਚਾਨਣ ਦੇ ਹਰ ਜ਼ੱਰੇ ਦੇ ਵਿਚ ਭਰੀਏ।

ਹਿੰਦੂ ਸਿੱਖ ਮੁਸਲਮਾਂ ਦਾ ਲਹੂ ਹੈ ਜਾਂ ਈਸਾਈ ਦਾ।
ਲਹੂ ਜਿਸ ਦਾ ਵੀ ਡੁਲ੍ਹਦਾ ਹੈ ਉਹ ਹੈ ਸਾਡੇ ਹੀ ਭਾਈ ਦਾ।

ਹਰ ਇਨਸਾਨ ਦਾ ਦਿਲ ਹੈ ਘਰ ਸਭਨਾਂ ਦੇ ਕਾਦਰ ਦਾ
ਉਹਦੇ ਘਰ ਨੂੰ ਤਾਂ ਪੂਜੀਦੈ ਨਹੀਂ ਉਸ ਨੂੰ ਜਲਾਈਦਾ।

ਅਸੀਂ ਖੁਸ਼ੀਆਂ ਦੀ ਦੁਲਹਨ ਨੂੰ ਜੇ ਆਪਣੇ ਪਾਸ ਰਖਣਾ ਏਂ
ਅਮਨ ਇਕਰਾਰ ਫਿਰ ਦੇਣਾ ਪਵੇਗਾ ਘੁੰਡ ਚੁਕਾਈ ਦਾ।

ਕੁਈ ਸਮਝੇ ਖੁਦਾ ਦਿਲਬਰ, ਕੁਈ ਦਿਲਬਰ ਖੁਦਾ ਜਾਣੇ
ਨਹੀਂ ਦੋਹਾਂ 'ਚ ਕੁਝ ਅੰਤਰ ਹੈ ਇੱਕੋ ਰੰਗ ਇਲਾਹੀ ਦਾ।

ਅਜੇ ਤਕ ਆਸ ਹੈ ਮੈਨੂੰ ਉਹ ਇਸ ਕੁਟੀਆ 'ਚ ਆਵੇਗਾ
ਇਸੇ ਲਈ ਰਾਤ ਭਰ ਦੀਵਾ ਹੈ ਤਨ ਮਨ ਦਾ ਜਲਾਈਦਾ।

ਚੁਰਾਇਆ ਚੈਨ ਹੈ ਜਿਸ ਨੇ ਮਿਲੇ ਹੌਕੇ ਨੇ ਜਿਸ ਕੋਲੋਂ
ਮਿਲੇ ਤਾਂ ਵੇਖ ਕੇ ਉਸ ਨੂੰ ਵੀ ਹੈ ਬਸ ਮੁਸਕਰਾਈਦਾ।

ਕਿੰਵੇਂ ਬੀਤੀ ਕਿੰਵੇਂ ਦਸਾਂ ਓਹਦੇ ਬਿਨ ਜ਼ਿੰਦਗੀ ਮੇਰੀ
ਨਹੀਂ ਸੀ ਬੀਤਦਾ ਜਿਸ ਦੇ ਬਿਨਾ ਇਕ ਪੱਲ ਜੁਦਾਈ ਦਾ।

ਕਿਤੇ ਦੁਨੀਆਂ ਦੇ ਹਰ ਕਾਨੂੰਨ ਤੋਂ ਆਕੀ ਨਾ ਹੋ ਜਾਏ
ਕਿਸੇ ਮਜ਼ਲੂਮ ਦੇ ਤਾਈਂ ਨਹੀਂ ਏਨਾ ਸਤਾਈਦਾ।

ਕਿਲੇ ਜੋ ਝੂਠ ਦੇ ਤੇ ਪਾਪ ਦੇ ਸਾਰੇ ਨੇ ਢਹਿ ਜਾਣੇ
ਓੜਕ ਨਾਮ ਰਹਿ ਜਾਣੈਂ ਇਸ ਜਗ ਤੇ ਸੱਚਾਈ ਦਾ।

ਇਸ ਧਰਤੀ ਤੇ ਜੇ ਬੰਦਿਆ ਤੂੰ ਬੰਦੇ ਵਾਂਗ ਰਹਿਣਾ ਏਂ
ਭਲਾ ਮੰਗ ਨਾ ਸਿਰਫ ਆਪਣਾ ਭਲਾ ਮੰਗ ਤੂੰ ਲੋਕਾਈ ਦਾ।

□

ਤੋੜੀ ਜਰਮਨ ਵਾਲਿਆਂ ਬਰਲਿਨ ਦੀ ਦੀਵਾਰ।
ਪੱਕੀ ਆਪਾਂ ਕਰ ਲਈ, ਪਰ ਕੰਡਿਆਲੀ ਤਾਰ।

ਗੋਲੀ ਵੱਟੇ ਗੋਲੀਆਂ ਕੀਤਾ ਸਭ ਦਾ ਘਾਣ
ਨਾ ਫੁੱਲ ਤਾਰੇ ਸਮਝਦੇ ਨਾ ਬੋਲੀ ਸਰਕਾਰ।

ਜ਼ੋਰ ਜਬਰ ਦੇ ਨਾਲ ਨਾ ਮੱਸਲਾ ਹੋਣਾ ਹੱਲ,
ਹੋਣਾ ਹੱਲ ਇਹ ਜਦੋਂ ਵੀ ਹੋਣਾ ਨਾਲ ਪਿਆਰ।

ਜੰਗਲ ਦੀ ਅੱਗ ਸਾੜਦੀ ਨਿੱਤ ਪੰਛੀ ਤੇ ਬੋਟ
ਪਰ ਅੰਬਰ 'ਚੋਂ ਮੇਘਲਾ ਵਰ੍ਹਦਾ ਨਾ ਇਕ ਵਾਰ।

ਰੰਗ ਬਰੰਗੀਆਂ ਮੂਰਤਾਂ ਕਿੱਦਾਂ ਦਿਲ ਪਰਚਾਣ,
ਆਦਮ ਦੀ ਰੱਤ ਲਿਬੜੀ ਆਵੇ ਨਿੱਤ ਅਖਬਾਰ।

ਵਾਅਦੇ ਕਰ ਹਰ ਵਾਰ ਹੀ ਜਿਹੜੇ ਮੁੱਕਰ ਜਾਣ
ਕਰਦੇ ਭੋਲੇ ਅਸੀਂ ਹਾਂ ਉਹਨਾਂ ਤੇ ਇਤਬਾਰ।

ਬੋਲੀ ਧਰਮ ਸੀ ਦੁਹਾਂ ਨੇ ਕਰਨਾ ਦੂਰ ਹਨੇਰ
ਪਰ ਸਾਡੇ ਲਈ ਬਣ ਗਏ ਦੋਧਾਰੀ ਤਲਵਾਰ।

ਜਾਗੋ ਸਭ ਪੰਜਾਬੀਓ, ਕਰੀਏ ਆਪ ਇਲਾਜ
ਦੁੱਖ ਅਸਾਡੇ ਦਰਦ ਦੀ ਲੈਣੀ ਕਿਸ ਨੇ ਸਾਰ।

□

ਕੀ ਹੋਇਆ ਜੇ ਛਾਇਆ ਘੁੱਪ ਹਨੇਰਾ ਹੈ।
ਆਖਿਰ ਨੂੰ ਤਾਂ ਹੋਣਾਂ ਸੋਨ ਸਵੇਰਾ ਹੈ।

ਮੈਂ ਮੱਸਿਆ ਸੰਗ ਉਮਰ ਬਿਤਾ ਕੇ ਕੀ ਲੈਣੈਂ
ਪੂਨਮ ਦਾ ਦੋ ਪਲ ਹੀ ਸਾਥ ਬਥੇਰਾ ਹੈ।

ਸਰਹੱਦਾਂ ਕਦ ਮੋਹ ਦੇ ਰਿਸ਼ਤੇ ਤੋੜ ਸਕਣ,
ਹੁਣ ਵੀ ਦੁੱਖ ਸੁੱਖ ਸਾਂਝਾ ਤੇਰਾ ਮੇਰਾ ਹੈ।

ਸ਼ਾਇਰ ਬਾਤ ਜੋ ਪਾਵੇ ਖੁਸ਼ਬੂ ਫੁੱਲਾਂ ਦੀ
ਕੰਡਿਆਂ ਦੇ ਵਿਚ ਉਸ ਦਾ ਰੈਣ ਬਸੇਰਾ ਹੈ।

ਇਕ ਦੂਜੇ ਸਿਰ ਐਂਵੇਂ ਦੂਸ਼ਨ ਲਾਓ ਨਾ
ਸੋਚੋ ਅਸਲੀ ਕਾਤਿਲ ਕੌਣ ਲੁਟੇਰਾ ਹੈ।

ਆਵੋ ਦੀਪ ਜਗਾਈਏ ਉਸ ਘਰ ਖੁਸ਼ੀਆਂ ਦੇ
ਨ੍ਹੇਰ 'ਚ ਡੁੱਬਿਆ ਜਿਸ ਦਾ ਅਜੇ ਬਨੇਰਾ ਹੈ।

ਹੱਸ ਕੇ ਮੱਥਾ ਲਾਉਣਾ ਨਾਲ ਪਹਾੜਾਂ ਦੇ
ਪੰਜ ਦਰਿਆਵਾਂ ਦੇ ਲੋਕਾਂ ਦਾ ਜੇਰਾ ਹੈ।

ਉਸ ਧਰਤੀ ਨੂੰ ਕਿੱਦਾਂ ਕਹਾਂ ਬਿਗਾਨੀ ਮੈਂ
ਜਿਥੇ ਬੁੱਲ੍ਹੇ ਸ਼ਾਹ ਹੁਸੈਨ ਦਾ ਡੇਰਾ ਹੈ।

ਪਰਬਤ ਸਾਗਰ ਜੰਗਲ ਦੀ ਕੀ ਪਰਵਾਹ ਹੈ
ਚੰਨ ਸੂਰਜ ਤੋਂ ਸਾਡਾ ਪੰਧ ਲੰਮੇਰਾ ਹੈ।

ਨਾਨਕ ਰਾਮ ਰਹੀਮ ਤਾਂ ਸਭ ਦੇ ਸਾਂਝੇ ਨੇ
ਐਵੇਂ ਕਹੀਏ ਇਹ ਮੇਰਾ ਉਹ ਤੇਰਾ ਹੈ।

□

ਆਪਣੇ ਰਾਹਾਂ 'ਚੋਂ ਮਿਲ ਕੰਡੇ ਹਟਾਈਏ ਦੋਸਤੋ।
ਵਾਂਗ ਫੁੱਲਾਂ ਧਰਤ ਸਾਰੀ ਨੂੰ ਸਜਾਈਏ ਦੋਸਤੋ।

ਆਸਮਾਂ ਵਾਲੇ ਨਾ ਫਿਰ ਬਿਜਲੀ ਗਿਰਾ ਸਕਣ ਕਦੀ
ਆਹਲਣਾਂ ਮਿਲ ਕੇ ਅਸੀਂ ਐਸਾ ਬਣਾਈਏ ਦੋਸਤੋ।

ਢਾਲ ਬਣ ਜਾਈਏ ਅਸੀਂ ਤਲਵਾਰ ਬਣ ਜਾਈਏ ਅਸੀਂ
ਜਾਬਰਾਂ ਤੋਂ ਹਰ ਕਲੀ ਫੁੱਲ ਨੂੰ ਬਚਾਈਏ ਦੋਸਤੋ।

ਜੇ ਅਸੀਂ ਮੁਲਕਾਂ ਦੀਆਂ ਹੱਦਾਂ ਮਿਟਾ ਸਕਦੇ ਨਹੀਂ
ਆਪਣੇ ਮਨਾਂ ਵਿਚ ਤਾਂ ਅਸੀਂ ਵੱਟਾਂ ਨਾ ਪਾਈਏ ਦੋਸਤੋ।

ਜੋ ਜਗਾਵੇ ਸੁੱਤਿਆਂ ਨੂੰ ਜਾਗਦੇ ਮਿਲ ਕੇ ਤੁਰਨ
ਸਾਂਝ ਦਾ ਐਸਾ ਨਵੇਲਾ ਗੀਤ ਗਾਈਏ ਦੋਸਤੋ।

ਪੈ ਕੁਰਾਹੇ ਕਿਉਂ ਕੋਈ ਚੋਰ ਜਾਂ ਕਾਤਿਲ ਬਣੇ
ਭੁੱਖ ਹਰ ਇਨਸਾਨ ਦੀ ਜੇ ਕਰ ਮਿਟਾਈਏ ਦੋਸਤੋ।

ਧਰਤ ਹੈ ਨਾਨਕ ਦੀ ਇਹ ਤੇ ਧਰਤ ਰਾਂਝੇ ਹੀਰ ਦੀ
ਖ਼ੈਰ ਪੰਜਾਂ ਪਾਣੀਆਂ ਦੀ ਫਿਰ ਮਨਾਈਏ ਦੋਸਤੋ।

ਖ਼ੂਨ ਦੇ ਦਾਗ਼ਾਂ ਜੋ ਹੱਥ ਨਾਪਾਕ ਕੀਤੇ ਨੇ ਬੜੇ
ਪਾਕ ਹੰਝੂਆਂ ਨਾਲ ਧੋ ਕੇ ਦਾਗ਼ ਲਾਹੀਏ ਦੋਸਤੋ।

ਜੋ ਹਨੇਰੀ ਜਾਂ ਕਿਸੇ ਤੂਫਾਂ 'ਚ ਵੀ ਨਾ ਬੁਝ ਸਕਣ
ਏਕਤਾ ਉਹ ਪਿਆਰ ਦੇ, ਦੀਵੇ ਜਗਾਈਏ ਦੋਸਤੋ।

□

ਉਹ ਕਿ ਜਿਸ ਨੂੰ ਪਾਣ ਦੀ ਕੋਸ਼ਿਸ਼ 'ਚ ਹਾਂ।
ਉਸ ਜਿਹਾ ਬਣ ਜਾਣ ਦੀ ਕੋਸ਼ਿਸ਼ 'ਚ ਹਾਂ।

ਕੰਡਿਆਂ ਦੀ ਸੇਜ ਤੇ ਹਾਂ ਲੇਟਿਆ
ਫੇਰ ਵੀ ਮੁਸਕਾਨ ਦੀ ਕੋਸ਼ਿਸ਼ 'ਚ ਹਾਂ।

ਸੁੰਨ ਹੋਈ ਜੋ ਚਿਰਾਂ ਤੋਂ ਜ਼ਿੰਦਗੀ
ਓਸ ਨੂੰ ਧੜਕਾਣ ਦੀ ਕੋਸ਼ਿਸ਼ 'ਚ ਹਾਂ।

ਜੋ ਮਿਟਾਵੇ ਜੰਗ ਨਫ਼ਰਤ ਦੁਸ਼ਮਣੀ
ਗੀਤ ਐਸਾ ਗਾਣ ਦੀ ਕੋਸ਼ਿਸ਼ 'ਚ ਹਾਂ।

ਪਾ ਲਵਾਂਗਾ ਥਾਹ ਗਗ਼ਨ ਦੀ ਫੇਰ ਮੈਂ
ਆਪਣੀ ਥਾਹ ਪਾਣ ਦੀ ਕੋਸ਼ਿਸ਼ 'ਚ ਹਾਂ।

ਦੋਸਤੀ ਹੋਵੇ ਮੁਹੱਬਤ ਹੀ ਧਰਮ
ਬਸ ਇਹੀ ਸਮਝਾਣ ਦੀ ਕੋਸ਼ਿਸ਼ 'ਚ ਹਾਂ।

ਵੰਡਿਆ ਜਿੰਨਾਂ ਅਸਾਂ ਨੂੰ ਚਿਰਾਂ ਤੋਂ
ਉਹ ਦਿਵਾਰਾਂ ਢਾਣ ਦੀ ਕੋਸ਼ਿਸ਼ 'ਚ ਹਾਂ।

ਜੋ ਖ਼ੁਸ਼ੀ ਤੇ ਸਾਂਝ ਏਥੇ ਨਾ ਰਹੀ
ਫਿਰ ਉਹੀ ਲੈ ਆਣ ਦੀ ਕੋਸ਼ਿਸ਼ 'ਚ ਹਾਂ।

ਖ਼ੂਬਸੂਰਤ ਜੋ ਬਣਾਵੇ ਜ਼ਿੰਦਗੀ
ਮਿਲ ਸਕੇ ਉਸ ਹਾਣ ਦੀ ਕੋਸ਼ਿਸ਼ 'ਚ ਹਾਂ।

□

ਸਰਨਾ ਨਹੀਂ ਤਕਦੀਰ ਨੂੰ ਆਪੇ ਘੜੇ ਬਗ਼ੈਰ।
ਜਿੱਤਿਆ ਨਾ ਜਾਣਾ ਬਦੀ ਨੂੰ ਮਿਲ ਕੇ ਲੜੇ ਬਗ਼ੈਰ।

ਮਿੱਟੀ ਦੇ ਦੀਵਿਆਂ ਨੇ ਕੀ ਕਰਨਾ ਹੈ ਚਾਨਣਾ,
ਮੁਕਣਾ ਨਹੀਂ ਹਨੇਰ ਨੇ ਸੂਰਜ ਚੜ੍ਹੇ ਬਗ਼ੈਰ।

ਬੈਠ ਕੇ ਕੰਢੇ ਤੇ ਕੀ ਹੋ ਸੋਚਦੇ ਤੁਸੀਂ,
ਮਿਲਣੀ ਨਹੀਂ ਮੰਜ਼ਿਲ ਕਦੇ ਦਰਿਆ ਤਰੇ ਬਗ਼ੈਰ।

ਅੱਗ ਵਾਂਗ ਤਪਦੀ ਧਰਤ ਨੂੰ ਕਿਣ ਮਿਣ ਕੀ ਠਾਰਨੈਂ,
ਮੁਕਣੀ ਨਹੀਂ ਹੈ ਔੜ ਇਹ ਖੁਲ੍ਹ ਕੇ ਵਰ੍ਹੇ ਬਗ਼ੈਰ।

ਅਮਲਾਂ ਤੋਂ ਕੋਰੀ ਸੋਚ ਨੇ ਕੀਤਾ ਹੈ ਕੀ ਇਲਾਜ,
ਲੋਕਾਂ ਦੀ ਮੁਕਣੀ ਪੀੜ ਨਾ ਪੀੜਾਂ ਜਰੇ ਬਗ਼ੈਰ।

ਸੂਝ, ਕੁਰਬਾਨੀ, ਸਿਰੜ ਲੋਕਾਂ ਦੀ ਦੋਸਤੀ,
ਬਦਲਦਾ ਇਤਿਹਾਸ ਨਾ ਇਹ ਕੁਝ ਕਰੇ ਬਗ਼ੈਰ।

ਸੂਰਜ ਸਿਤਾਰੇ ਚੰਦ ਸਭ ਵੰਡਦੇ ਨੇ ਰੌਸ਼ਨੀ,
ਹੁੰਦੀ ਨਾ ਪੂਰੀ ਰੌਸ਼ਨੀ ਪਰ ਦਿਲ ਜਲੇ ਬਗ਼ੈਰ।

ਸ਼ਹੀਦ ਦੀ ਚਿਤਾ 'ਚੋਂ ਲਾਟਾਂ ਜੋ ਉਠਦੀਆਂ ਨੇ।
ਖ਼ੂਨੀ ਹਨੇਰਿਆਂ ਨੂੰ ਉਹ ਫੂਕ ਸੁਟਦੀਆਂ ਨੇ।

ਵਹਿਸ਼ਤ ਜ਼ੁਲਮ ਜਬਰ ਦੀ ਜੇਲ੍ਹਾਂ ਦੀਆਂ ਦੀਵਾਰਾਂ,
ਕਿਰਨਾਂ ਨੂੰ ਰੋਕਿਆ ਲੱਖ ਐਪਰ ਲਾ ਰੁਕਦੀਆਂ ਨੇ।

ਡੁਲ੍ਹਦਾ ਹੈ ਖ਼ੂਨ ਜਿਥੇ ਖਿੜਦੇ ਨੇ ਫੁੱਲ ਸੂਹੇ,
ਪੱਤਝੜ ਤੋਂ ਬਾਅਦ ਹਰੀਆਂ ਲਗਰਾਂ ਵੀ ਫੁਟਦੀਆਂ ਨੇ।

ਭਾਵੇਂ ਜ਼ਬਾਨ ਕੱਟ ਕੇ ਪਾਵਨ ਹਜ਼ਾਰ ਪਰਦੇ,
ਗੱਲਾਂ ਜੋ ਹੋਣ ਸੱਚੀਆਂ ਐਪਰ ਨਾ ਛੁਪਦੀਆਂ ਨੇ।

ਮੰਜ਼ਿਲ ਤੇ ਪਹੁੰਚਣੇ ਲਈ ਸੋਚਾਂ ਕੀ ਸੋਚਦੇ ਹੋ,
ਵਾਟਾਂ ਲੰਮੇਰੀਆਂ ਤਾਂ ਚਲਿਆਂ ਹੀ ਮੁਕਦੀਆਂ ਨੇ।

ਉਹਨਾਂ ਥਲਾਂ 'ਚ ਕਵੀਆਂ ਦੀ ਕਲਪਨਾ ਹੈ ਖਿੜਦੀ,
ਜਿਹੜੇ ਥਲਾਂ 'ਚ ਜਾ ਕੇ ਨਦੀਆਂ ਵੀ ਸੁਕਦੀਆਂ ਨੇ।

ਸ਼ਹਿਨਾਈ ਗੂੰਜਦੀ ਹੈ ਜਿੱਤਾਂ ਦਾ ਢੋਲ ਵਜਦੈ,
ਚਾਨਣ ਦੀਆਂ ਬਰਾਤਾਂ ਜਦ ਆਣ ਢੁਕਦੀਆਂ ਨੇ।

ਛੱਡੇ ਨੇ ਕਿੰਨੇ ਬਾਜ਼ ਵੀ ਚਾਹੇ ਸ਼ਿਕਾਰੀਆਂ।
ਅੰਬਰ 'ਚ ਫਿਰ ਵੀ ਪੰਛੀਆਂ ਲਾਈਆਂ ਉਡਾਰੀਆਂ।

ਡੋਲੀ 'ਚ ਪਾ ਕੇ ਹੀਰ ਨੂੰ ਖੇੜੇ ਤਾਂ ਲੈ ਗਏ,
ਝੱਲਾਂ 'ਚ ਰਾਂਝੇ ਚਾਕ ਨੇ ਮੱਝਾਂ ਸੀ ਚਾਰੀਆਂ।

ਕਵਿਤਾ ਕਲਾ ਦੀ ਕਦਰ ਕਦ ਕਰਦੇ ਨੇ ਪਾਰਖੂ,
ਏਥੇ ਆਲੋਚਕ ਪਾਲਦੇ ਵੇਖੇ ਨੇ ਯਾਰੀਆਂ।

ਨ੍ਹੇਰੇ ਦਾ ਸਾਰਾ ਜਾਲ ਹੀ ਜਾਣਾ ਹੈ ਫੂਕਿਆ,
ਪੂਰਬ 'ਚੋਂ ਸੂਰਜ ਨਿਕਲ ਜਦ ਕਿਰਨਾਂ ਖਿਲਾਰੀਆਂ।

ਕਿਰਤੀ ਦੀ ਕੁਲੀ ਸੱਖਣੀ, ਸੱਖਣਾ ਹੈ ਪੇਟ ਵੀ,
ਚੋਰਾਂ ਲੁਟੇਰਿਆਂ ਨੇ ਭਰ ਲਈਆਂ ਪਟਾਰੀਆਂ।

ਹੇਰਾ ਫੇਰੀ ਨਾਲ ਹੀ ਲੋਕਾਂ ਨੂੰ ਕੀਲਿਆ,
ਕੀਤਾ ਤਮਾਸ਼ਾ ਜਦੋਂ ਵੀ ਕਿਧਰੇ ਮਦਾਰੀਆਂ।

ਆਉ ਕਿ ਹੁਣ ਕਿਸਮਤ ਦੀਆਂ ਜ਼ੁਲਫਾਂ ਸੰਵਾਰੀਏ,
ਸੱਜਣਾਂ ਦੀਆਂ ਨੇ ਬਹੁਤ ਚਿਰ ਜ਼ੁਲਫਾਂ ਸੰਵਾਰੀਆਂ।

ਗ਼ਜ਼ਲਾਂ ਦਾ ਰੰਗ ਕਿਸ ਤਰ੍ਹਾਂ ਹੋਵੇ ਨਾ ਲਾਲ ਸੁਰਖ,
ਗ਼ਜ਼ਲਾਂ ਨੇ ਆਪਣੇ ਖ਼ੂਨ 'ਚੋਂ ਜਦ ਮੈਂ ਨਿਖਾਰੀਆਂ।

□

ਹੋਰਾਂ ਦੇ ਗਲ 'ਤੇ ਜੋ ਛੁਰੀ ਧਰਦਾ ਹੈ ਆਦਮੀ।
ਕੰਡੇ ਦੀ ਚੋਭ ਤੋਂ ਵੀ ਉਹ ਡਰਦਾ ਹੈ ਆਦਮੀ।

ਇਨਸਾਨ ਤੋਂ ਇਹ ਦੇਵਤਾ ਬਣਦਾ ਹੈ ਉਸ ਘੜੀ
ਬਣ ਕੇ ਘਟਾ ਜਾਂ ਮਿਹਰ ਦੀ ਵਰ੍ਹਦਾ ਹੈ ਆਦਮੀ।

ਪੂਜੇ ਜ਼ਮਾਨਾ ਉਸ ਦਿਆਂ ਪੈਰਾਂ ਦੀ ਧੂੜ ਨੂੰ,
ਹੋਰਾਂ ਦੀ ਜਿਹੜਾ ਪੀੜ ਨੂੰ ਹਰਦਾ ਹੈ ਆਦਮੀ।

ਡਿੱਗੇ ਤਾਂ ਡਿੱਗ ਪੈਂਦਾ ਹੈ ਇਹ ਅਸਲੋਂ ਪਾਤਾਲ ਵਿਚ,
ਚੱਲੇ ਤਾਂ ਕਦਮ ਚੰਨ 'ਤੇ ਧਰਦਾ ਹੈ ਆਦਮੀ।

ਇਲਜ਼ਾਮ ਜੋ ਲਾਉਂਦਾ ਹੈ ਝਟ ਹੋਰਨਾਂ ਦੇ ਸਿਰ,
ਪੁੱਛੋ ਨਾ ਖ਼ੁੱਦ ਕਿੰਨੇ ਗੁਨਾਹ ਕਰਦਾ ਹੈ ਆਦਮੀ।

ਮੁਸ਼ਕਿਲ ਤਾਂ ਹੈ, ਮੁਸ਼ਕਿਲ ਸਮੇਂ, ਮੁਸ਼ਕਿਲ ਹੀ ਬਹੁੜਦੈ,
ਦਮ ਦੋਸਤੀ ਦਾ ਉਂਜ ਤਾਂ ਭਰਦਾ ਹੈ ਆਦਮੀ।

ਏਸੇ ਦੇ ਹੁਨਰ ਸਿਦਕ ਦਾ ਵੇਖੋ ਕਮਾਲ ਹੈ,
ਪੱਥਰਾਂ 'ਚ ਹੁਸਨ ਰੂਪ ਰੰਗ ਭਰਦਾ ਹੈ ਆਦਮੀ।

ਡੁੱਬਦਾ ਹੈ ਕੰਢੇ ਤੇ ਵੀ ਡੁੱਬ ਜਾਏ ਜੇ ਹੌਸਿਲਾ,
ਜੇਰਾ ਕਰੇ ਸਾਗਰ ਨੂੰ ਵੀ ਤਰਦਾ ਹੈ ਆਦਮੀ।

ਰੁੱਤਬਾ, ਇਹ ਦੌਲਤ, ਸ਼ੁਹਰਤਾਂ ਸਭ ਛੱਡ ਜਾਣੀਆਂ,
'ਕੁਲਵੰਤ' ਹਉਮੇਂ ਕਿਸ ਲਈ ਕਰਦਾ ਹੈ ਆਦਮੀ।

☐

ਜਿੰਨਾਂ ਚਿਰ ਸੂਰਜ ਚੜ੍ਹਦਾ ਨਈਂ ਹਰ ਸ਼ਮ੍ਹਾਂ ਜਲਾਣੀ ਪੈਣੀ ਏਂ।
ਐਵੇਂ ਤਾਂ ਪੈਂਡਾ ਮੁਕਣਾ ਨਈਂ ਤਰਕੀਬ ਬਨਾਣੀ ਪੈਣੀ ਏਂ।

ਰੁੱਖ ਸਹਿਮੇਂ ਸਹਿਮੇਂ ਲਗਦੇ ਨੇ ਫੁੱਲਾਂ ਦੇ ਮੁੱਖ ਮੁਰਝਾਏ ਨੇ,
ਠੱਲ ਤੂਫ਼ਾਨਾਂ ਨੂੰ ਪਾਵਣ ਦੀ ਹਰ ਗੱਲ ਸਮਝਾਣੀ ਪੈਣੀ ਏਂ।

ਔੜਾਂ ਨੇ ਕਹਿਰ ਕਮਾਇਆ ਹੈ ਹਰ ਬੂਟਾ ਹੀ ਕੁਮਲਾਇਆ ਹੈ,
ਗੁਲਜ਼ਾਰ ਖਿੜਾਵਣ ਦੀ ਖ਼ਾਤਿਰ ਇਹ ਰੁੱਤ ਬਦਲਾਣੀ ਪੈਣੀ ਏਂ।

ਫੱਟਾਂ ਤੇ ਮੁਲ੍ਹਮ ਲਾਉਣੀ ਏਂ ਭਰਨਾ ਏਂ ਡੂੰਘੇ ਜ਼ਖ਼ਮਾਂ ਨੂੰ,
ਮੰਜ਼ਿਲ ਤੇ ਪਹੁੰਚਣ ਖ਼ਾਤਿਰ ਤਾਂ ਹਰ ਪੀੜ ਸੁਲਾਣੀ ਪੈਣੀ ਏਂ।

ਨਾ ਵਾਰਿਸ, ਬੁਲ੍ਹਾ ਵੰਡ ਹੋਏ ਨਾ ਫ਼ਰੀਦ, ਹੁਸੈਨ ਤੇ ਹਾਸ਼ਿਮ ਹੀ,
ਅੱਗ ਬਲਦੀ ਜਿਹੜੀ ਨਫ਼ਰਤ ਦੀ ਆਖ਼ਿਰ ਤਾਂ ਬੁਝਾਣੀ ਪੈਣੀ ਏਂ।

ਰੰਗਾਂ ਤੇ ਸੁੰਗਧਾਂ ਦੇ ਸੁਪਨੇ ਸਾਕਾਰ ਨੇ ਸਾਡੇ ਹੋ ਸਕਦੇ,
ਲਾ ਮਹਿੰਦੀ ਸਾਂਝੀ ਮਿਹਨਤ ਦੀ ਪਰ ਧਰਤ ਸਜਾਣੀ ਪੈਣੀ ਏਂ।

ਸਾਕੀ ਏਦਾਂ ਤਾਂ ਸਰਨਾ ਨਈਂ ਤੂੰ ਜਾਮ ਪਿਲਾਏਂ ਯਾਰਾਂ ਨੂੰ,
ਜੋ ਬਾਹਰ ਨੇ ਬੈਠੇ ਤਰਸ ਰਹੇ ਸਭਨਾਂ ਨੂੰ ਪਿਲਾਣੀ ਪੈਣੀ ਏਂ।

□

ਤੁਰਦੇ ਜਾਂਦੇ ਹਾਂ ਖ਼ਾਰਾਂ 'ਤੇ।
ਹਸਦੇ ਹਾਂ ਬਹਿ ਅੰਗਿਆਰਾਂ 'ਤੇ।

ਨਾ ਜਿੱਤਾਂ ਦੀ ਮਗ਼ਰੂਰੀ ਹੈ,
ਨਾ ਦਿਲ ਛਡਦੇ ਹਾਂ ਹਾਰਾਂ 'ਤੇ।

ਕੀ ਮਿਲਿਐ ਹੈ ਇਕਰਾਰਾਂ 'ਚੋਂ,
ਜੋ ਗ਼ਮ ਕਰੀਏ ਇਨਕਾਰਾਂ 'ਤੇ।

ਮੰਜ਼ਿਲ ਤੋਂ ਅੱਗੇ ਲੰਘ ਜਾਂਦੇ,
ਭੁੱਲ ਬੈਠੇ ਫ਼ਸਲੀ ਯਾਰਾਂ 'ਤੇ।

ਪੈਦਲ ਹਾਂ, ਹਿੰਮਤ ਸਾਡੀ ਪਰ,
ਭਾਰੂ ਹੈ ਸ਼ਾਹ ਅਸਵਾਰਾਂ 'ਤੇ।

ਜੀਵਾਂਗੇ ਆਪਣੀ ਸ਼ਕਤੀ 'ਤੇ ,
ਜੀਣਾ ਨਹੀਂ ਪਰਉਪਕਾਰਾਂ 'ਤੇ।

ਪੱਤਝੜ ਦੀ ਰੁੱਤ ਨੂੰ ਬਦਲਾਂਗੇ,
ਸਾਡੀ ਹੈ ਨਜ਼ਰ ਬਹਾਰਾਂ 'ਤੇ।

□

ਵੀਰਾਨਿਆਂ ਨੂੰ ਵੀ ਮੈਂ ਗੁਲਸ਼ਨ ਬਣਾ ਰਿਹਾ ਹਾਂ।
ਆਸਾਂ ਦੇ ਬਾਲ ਦੀਵੇ ਰਾਤਾਂ ਸਜਾ ਰਿਹਾ ਹਾਂ।

ਹਰ ਪੀੜ ਆਪਣੀ ਦਾ ਇਲਾਜ ਮਿਲ ਗਿਆ ਹੈ,
ਲੋਕਾਂ ਦੀ ਪੀੜ ਖ਼ਾਤਿਰ ਪੀੜਾਂ ਸੁਲਾ ਰਿਹਾ ਹਾ।

ਹਰ ਰਾਹ ਮੇਰੇ 'ਚ ਫੰਧੇ ਛਵੀਆਂ ਨੇ ਗੋਲੀਆਂ ਨੇ
ਮੰਜ਼ਿਲ ਦੇ ਕੋਲ ਫਿਰ ਵੀ ਪੁੱਜਦਾ ਹੀ ਜਾ ਰਿਹਾ ਹਾਂ।

ਵੇਖੋ ਅਸਾਂ ਦੋਹਾਂ 'ਚੋਂ ਮੁਕਦਾ ਹੈ ਕੌਣ ਪਹਿਲਾਂ,
ਗ਼ਮ ਖਾ ਰਿਹਾ ਹੈ ਮੈਨੂੰ ਮੈਂ ਗ਼ਮ ਨੂੰ ਖਾ ਰਿਹਾ ਹਾਂ।

ਐਸੀ ਸ਼ਰਾਬ ਕਿਸ ਕੰਮ ਜੋ ਹੋਸ਼ ਨੂੰ ਸੁਲਾਏ,
ਗਾ ਚੇਤਨਾ ਦੇ ਨਗਮੇਂ ਸੁੱਤੇ ਜਗਾ ਰਿਹਾ ਹਾਂ।

ਹੋਇਆ ਕੀ ਜੇ ਅਜੇ ਤਕ ਮਿਲਿਆ ਨਹੀਂ ਕਿਨਾਰਾ,
ਮੰਝਧਾਰ ਵਿਚ ਤਾਂ ਫਿਰ ਵੀ ਕਿਸ਼ਤੀ ਚਲਾ ਰਿਹਾ ਹਾਂ।

ਪ੍ਰਭਾਤ ਦੀ ਪਰੀ ਨੂੰ ਬੱਦਲਾਂ ਲਕੋ ਲਿਆ ਹੈ,
ਬਣ ਕੇ ਹਵਾ ਦਾ ਬੁੱਲਾ ਬੱਦਲ ਉਡਾ ਰਿਹਾ ਹਾਂ।

ਛਣਕੀ ਤਾਂ ਹੈ ਰਤਾ ਕੁ ਊਸ਼ਾ ਦੇ ਪੈਰੀਂ ਝਾਂਜਰ,
ਕਿਰਨਾਂ ਦਾ ਤਾਜ ਉਸ ਦੇ ਸਿਰ ਤੇ ਟਿਕਾ ਰਿਹਾ ਹਾਂ।

ਹਾਵੇ ਤੇ ਹੌਕਿਆਂ ਨੂੰ ਸੀਨੇ ਦੇ ਵਿਚ ਲਕੋ ਕੇ,
ਮੈਂ ਸ਼ਿਅਰ ਲਿਖ ਰਿਹਾ ਹਾਂ, ਮੈਂ ਗ਼ਜ਼ਲ ਗਾ ਰਿਹਾ ਹਾਂ।

ਆਉਂਦਾ ਨਹੀਂ ਹੈ ਮੈਨੂੰ ਗਰਦਨ ਝੁਕਾ ਕੇ ਜੀਣਾ,
ਮਕਤਲ 'ਚ ਤਾਣ ਸੀਨਾ ਮੈਂ ਮੁਸਕਰਾ ਰਿਹਾ ਹਾਂ।

□

ਕੀਤੀ ਹੈ ਅਸੀਂ ਜਦ ਵੀ ਗੱਲ ਸਵੇਰੇ ਦੀ।
ਤੜਪੀ ਹੈ ਜਿੰਦ ਡਾਢੀ ਘੁੱਪ ਹਨੇਰੇ ਦੀ।

ਸਤਲੁਜ ਦੇ ਕੰਢੇ ਤੋਂ ਜਾ ਕੇ ਪੁੱਛ ਵੇਖੋ,
ਪੁੱਛਣੀ ਹੈ ਜੇ ਗੱਲ ਅਸਾਡੇ ਜੇਰੇ ਦੀ।

ਬਾਹਰੋਂ ਜਿਹੜਾ ਪਾਕਿ ਪਵਿੱਤਰ ਲਗਦਾ ਹੈ,
ਅੰਦਰੋਂ ਹਾਲਤ ਮੰਦੀ ਹੈ ਉਸ ਡੇਰੇ ਦੀ।

ਜ਼ਹਿਰੀ ਸੱਪਾਂ ਨੂੰ ਵੀ ਫੜਿਆ ਜਾ ਸਕਦੈ,
ਸੁਰ ਹੋ ਕੇ ਜੇ ਵੱਜੇ ਬੀਨ ਸਪੇਰੇ ਦੀ

ਜਿੰਨੀ ਵੀ ਕੋਈ ਮੁਸ਼ਕਿਲ ਰਾਹ ਵਿਚ ਆਈ ਹੈ,
ਵਾਟ ਘਟੀ ਹੈ ਓਨੀ ਪੰਧ ਲੰਮੇਰੇ ਦੀ।

ਜਾਗੀ ਜੰਤਾ ਜਦ ਵੀ ਗੂੜ੍ਹੀ ਨੀਂਦਰ 'ਚੋਂ,
ਪੈਰਾਂ ਤੀਕਰ ਕੰਬੀ ਜਾਨ ਲੁਟੇਰੇ ਦੀ।

ਕਿਹੜੀ ਥੰਮੀ ਦੇ ਕੇ ਡਿਗਣੋਂ ਰੋਕਣਗੇ,
ਕਿਰਦੀ ਪਈ ਹੈ ਮਿੱਟੀ ਏਸ ਬਨੇਰੇ ਦੀ।

□

ਮਹਿਲਾਂ ਤਕ ਹੀ ਰਹਿ ਜਾਂਦਾ ਹੈ ਸਾਲ ਮੁਬਾਰਕ ਹਾਲੀ।
ਕਿਰਤੀ ਦੀ ਕੁਲੀ ਚੋਂ ਨਿਕਲੀ ਪਰ ਨਾ ਕਦੀ ਕੰਗਾਲੀ।

ਸ਼ੋਰ ਬੜਾ ਸੀ ਮੌਸਿਮ ਬਦਲਣ 'ਤੇ ਆਵੇਗਾ ਖੇੜਾ,
ਪਰ ਰੁੱਤ ਐਸੀ ਚੰਦਰੀ ਆਈ ਸੜ ਚਲੀ ਹਰ ਡਾਲੀ।

ਫੁੱਲ ਖਿੜਣੇ ਹਨ ਕਿੱਥੋਂ ਏਥੇ ਕਿੱਦਾਂ ਬੂਟੇ ਮੌਲਣ,
ਬਾਗ਼ ਉਜਾੜ ਕੇ ਗਹਿਣੇ ਰਖਣਾ ਚਾਹੁੰਦਾ ਹੈ ਜਦ ਮਾਲੀ।

ਨਾ ਮਿੱਟੀ ਦਾ ਤੇਲ ਹੀ ਮਿਲਦੈ ਨਾ ਕੋਇਲਾ ਨਾ ਲੱਕੜੀ,
ਪੋਹ ਦੀ ਠੰਡ ਨੂੰ ਦੂਰ ਕਰਨ ਲਈ ਭਾਵਾਂ ਨੇ ਅੱਗ ਬਾਲੀ।

ਸਾਮਵਾਦ ਦੇ ਉਹਨਾਂ ਨੂੰ ਮੈਂ ਕਿੱਦਾਂ ਰਹਿਬਰ ਮੰਨਾਂ,
ਪੂੰਜੀਪਤੀਆਂ ਦੇ ਹੱਕਾਂ ਦੀ ਕਰਦੇ ਜੋ ਰਖਵਾਲੀ।

ਹਲਵਾਈ ਦੀ ਹੱਟੀ ਦੇ ਵਲ ਨਜ਼ਰ ਜਦੋਂ ਮੈਂ ਮਾਰੀ,
ਮੇਰੇ ਹੱਥ ਦੀਆਂ ਉਂਗਲਾਂ ਖਾ ਗਈ ਜੇਬ ਮੇਰੀ ਹੀ ਖ਼ਾਲੀ।

ਚਾਹਿਆ ਸੀ ਸਰਘੀ ਦਾ ਚਾਨਣ ਪਰ ਵਧ ਗਿਆ ਹਨੇਰਾ,
ਹਰ ਦੀਵੇ ਨੂੰ ਨਿਗਲ ਰਹੀ ਹੈ ਰਾਤ ਕਲੂਟੀ ਕਾਲੀ।

ਓਧਰ ਭਾਂਬੜ ਏਧਰ ਲਾਟਾਂ ਜੰਗਲ ਦੀ ਅੱਗ ਵਾਂਗੂੰ,
ਪੰਜ ਦਰਿਆਵਾਂ ਦੀ ਧਰਤੀ ਦਾ ਹੁਣ ਅੱਲ੍ਹਾ ਹੀ ਵਾਲੀ।

□

ਦੀਵੇ ਬਲਦੇ ਰਹੇ, ਲੋਅ ਖਿੰਡਾਂਦੇ ਰਹੇ।
ਨ੍ਹੇਰਿਆਂ ਦਾ ਮੂੰਹ ਚਾਨਣ ਚਿੜਾਂਦੇ ਰਹੇ।

ਲੂ ਤਾਂ ਵਗਦੀ ਰਹੀ, ਗੜੇ ਵਰ੍ਹਦੇ ਰਹੇ,
ਫੁੱਲ ਕੰਡਿਆਂ ਤੇ ਵੀ ਮੁਸਕਰਾਂਦੇ ਰਹੇ।

ਕੰਡੇ ਅੰਗਿਆਰ ਪਰਬਤ ਟੱਪ ਸਾਗਰਾਂ
ਪਾਂਧੀ ਸੱਚ ਦੇ ਨੇ ਪੈਂਡੇ ਮੁਕਾਂਦੇ ਰਹੇ।

ਕੀਤੇ ਇਕਰਾਰ ਜਿੰਨਾਂ ਸੀ ਸੱਚੇ ਦਿਲੋਂ,
ਦੇ ਕੇ ਸਿਰ ਵੀ ਉਹ ਵਾਅਦੇ ਨਿਭਾਂਦੇ ਰਹੇ।

ਸਿਰ ਨੂੰ ਧਰ ਕੇ ਤਲੀ ਤੇ ਵਧੇ ਹਾਂ ਅਸੀਂ,
ਵੈਰੀ ਜਦ ਵੀ ਕਦੀ ਆਜ਼ਮਾਂਦੇ ਰਹੇ।

ਸਾਡੇ ਹਮਦਰਦ ਉਹ ਹੋ ਸਕਦੇ ਨਹੀਂ,
ਸਾਡੀ ਮਿਹਨਤ ਨੂੰ ਜਿਹੜੇ ਚੁਰਾਂਦੇ ਰਹੇਂ।

ਹੱਥ ਖ਼ੂਨੀ ਮਿਟਾਵਣਗੇ ਉਹਨਾਂ ਨੂੰ ਕੀ,
ਜਿਹੜੇ ਕੁਲਵੰਤ ਸੱਚ ਨੇ ਸੁਣਾਂਦੇ ਰਹੇ।

□

ਭਾਵੇਂ ਭੁੱਖਾਂ ਮਾਰੇ ਲੋਕ।
ਫਿਰ ਵੀ ਕਦੀ ਨਾ ਹਾਰੇ ਲੋਕ।

ਤੁਰਦੇ ਜਾਂਦੇ ਮੰਜ਼ਿਲ ਨੂੰ,
ਜਾਪਣ ਚੰਨ ਸਿਤਾਰੇ ਲੋਕ।

ਗੜ੍ਹ ਦੈਤਾਂ ਦੇ ਫੂਕਣ ਲਈ
ਬਣ ਜਾਂਦੇ ਅੰਗਿਆਰੇ ਲੋਕ।

ਹੱਕਾਂ ਦੇ ਲਈ ਜੂਝ ਰਹੇ,
ਲਗਦੇ ਬੜੇ ਪਿਆਰੇ ਲੋਕ।

ਪਾਸਾ ਤਦੋਂ ਪਲਟਦਾ ਹੈ,
ਸਮਝਣ ਜਦੋਂ ਇਸ਼ਾਰੇ ਲੋਕ।

ਬਾਤ ਅਧੂਰੀ ਰਹਿੰਦੀ ਨਾ
ਭਰਦੇ ਜਦੋਂ ਹੁੰਗਾਰੇ ਲੋਕ।

ਮਾਲਕ ਤਖ਼ਤਾਂ ਤਾਜਾਂ ਦੇ,
ਜਦ ਵੀ ਉੱਠਣ ਸਾਰੇ ਲੋਕ।

□

ਝੱਖੜਾਂ ਨੇ ਜਦ ਵੀ ਕੁਝ ਦੀਪ ਬੁਝਾਏ ਨੇ।
ਆਸਾਂ ਨੇ ਮੁੜ ਦੂਣੇ ਦੀਪ ਜਗਾਏ ਨੇ।

ਹੈਂਕੜ ਡਾਇਰ ਜਦ ਵੀ ਅਣਖ ਵੰਗਾਰੀ ਹੈ,
ਲੋਕਾਂ ਸਾਕੇ ਊਧਮ ਦੇ ਦੁਹਰਾਏ ਨੇ।

ਹਰ ਕਿਰਤੀ ਦੀ ਪੀੜਾ ਸਾਡੀ ਪੀੜਾ ਹੈ,
ਸਾਰੇ ਕਿਰਤੀ ਇਕੋ ਮਾਂ ਦੇ ਜਾਏ ਨੇ।

ਏਥੇ ਸਾਵਣ ਵਰ੍ਹਦਾ ਹੈ ਕੁਝ ਬਾਗ਼ਾਂ ਤੇ,
ਖੇਤ ਅਜੇ ਵੀ ਸਾਡੇ ਪਰ ਤਿਰਹਾਏ ਨੇ।

ਸਾਥੋਂ ਸਾਡੀ ਮੰਜ਼ਿਲ ਕਦ ਤਕ ਦੂਰ ਰਹੂ,
ਸਾਡੇ ਪੈਰਾਂ ਵਿਚ ਮੰਜ਼ਿਲ ਦੇ ਸਾਏ ਨੇ,

ਲੋਕਾਂ ਦੇ ਹੜ ਅੱਗੇ ਉਹ ਰੁੜ ਜਾਵਣਗੇ
ਜਿੰਨਾਂ ਰੋੜੇ ਜਬਰਾਂ ਦੇ ਅਟਕਾਏ ਨੇ।

ਮੈਂ ਜੀ ਰਿਹਾ ਹਾਂ ਯਾਰੋ ਇਸ ਆਸ ਦੇ ਸਹਾਰੇ।
ਧਰਤੀ ਤੇ ਵੇਖ ਜਾਵਾਂ ਕੁਝ ਸਵਰਗ ਦੇ ਨਜ਼ਾਰੇ।

ਹੋਇਆ ਕੀ ਲਗਨ ਸਾਡੀ ਸਾਨੂੰ ਜੇ ਰੋੜ੍ਹਿਆ ਹੈ,
ਸਾਡਾ ਸਿਦਕ ਅਸਾਨੂੰ ਲਾਵੇਗਾ ਫਿਰ ਕਿਨਾਰੇ।

ਮੰਜ਼ਿਲ ਦੇ ਪਾਂਧੀਆਂ ਓਏ ਹਿੰਮਤ ਨਾ ਹਰ ਬੈਠੀਂ,
ਇਕ ਹੋਰ ਮਾਰ ਹੰਭਲਾ ਪਈ ਸਫਲਤਾ ਪੁਕਾਰੇ।

ਇਹ ਰਾਤ ਗ਼ਮ ਦੀ ਮਿੱਤਰੋ ਆਓ ਅਸੀਂ ਮੁਕਾਈਏ,
ਗਗਨਾਂ ਤੇ ਚਾੜ੍ਹ ਸੂਰਜ ਜੋ ਚਾਨਣਾ ਖਿਲਾਰੇ।

ਕਿਉਂ ਕੁਲੀਆਂ 'ਚ ਵਸਦੇ ਨਰਕਾਂ 'ਚ ਸੜ ਰਹੇ ਨੇ,
ਜਿੰਨਾਂ ਨੇ ਸਾਰੀ ਦੁਨੀਆਂ ਦੇ ਮਹਿਲ ਨੇ ਉਸਾਰੇ।

ਆਵੋ ਕਿ ਯੁੱਗ ਸੁਨਹਿਰੀ ਰਲ ਮਿਲ ਅਸੀਂ ਲਿਆਈਏ,
ਜਿਸ ਵਿਚ ਨਾ ਬਾਜ ਕੋਈ ਘੁੱਗੀਆਂ ਤੇ ਝਪਟ ਮਾਰੇ।

ਆਪਣੇ ਲਈ ਤਾਂ ਹਰ ਕੋਈ ਜੀਵਨ ਗੁਜ਼ਾਰਦਾ ਹੈ,
ਜੀਵਨ ਹੈ ਅਸਲ ਉਸ ਦਾ ਹੋਰਾਂ ਲਈ ਜੋ ਗੁਜ਼ਾਰੇ।

ਸਭ ਮਿਹਨਤਾਂ ਦੇ ਮੋਤੀ ਜੋ ਲੁੱਟ ਕੇ ਲੈ ਗਏ ਨੇ,
ਅਰਸ਼ਾਂ ਦੇ ਤੋੜ ਸੁੱਟੀਏ ਖ਼ੂਨੀ ਉਹ ਸਭ ਸਿਤਾਰੇ।

ਮਹਿੰਗਾਈ ਦਾ ਦੈਂਤ ਵਜਾਉਂਦਾ ਨਿੱਤ ਏਥੇ ਖੜਤਾਲਾਂ।
ਭੁੱਖ ਬੇਕਾਰੀ ਸਾਡੇ ਵਿਹੜੇ ਮਾਰੇ ਲੰਬੀਆਂ ਛਾਲਾਂ।

ਕਾਲੀ ਮੰਡੀ ਕੌਡਾਂ ਦੇ ਭਾਅ, ਮਿਹਨਤ ਸਾਡੀ ਵਿਕਦੀ,
ਰੋਟੀ ਸਾਡੀ ਸਾਨੂੰ ਖਾਂਦੀ, ਰੋਜ਼ ਦੋਸਤੋ ਹਾਲਾਂ।

ਫਿਰਕੂ ਅੱਗਾਂ, ਸਾਮਰਾਜ ਨੇ ਝੁਲਸੇ ਸਾਡੇ ਪਿੰਡੇ,
ਪੋਟਾ ਪੋਟਾ ਛਾਲੇ ਛਾਲੇ ਕਿਹੜੇ ਜ਼ਖਮ ਵਿਖਾਲਾਂ।

ਸੋਨਾ ਚਾਂਦੀ ਖੇਤਾਂ ਵਿਚੋਂ ਲੁੱਟ ਲੈ ਜਾਣ ਲੁਟੇਰੇ,
ਲੁੱਟਣ ਖੋਰਾਂ ਦੀ ਥਾਂ ਕਿਉਂ ਨਾ ਰਾਖੇ ਹੋਰ ਬਿਠਾਲਾਂ।

ਪੀੜਾ ਹੁੰਦੀ ਆਪਣੀ ਹੀ ਜੇ, ਤਾਂ ਉਸ ਨੂੰ ਭੁੱਲ ਜਾਂਦਾ,
ਪਰ ਲੋਕਾਂ ਦੀ ਪੀੜ ਦਿਲੇ ਜੋ, ਉਸ ਨੂੰ ਕਿਵੇਂ ਸੁਆਲਾਂ।

ਕੀ ਜਾਣਾ ਮੈਂ ਕਿਸ ਪਲ ਮੈਨੂੰ ਬਾਜ ਝਪੱਟਾ ਮਾਰਨ,
ਏਸੇ ਲਈ ਮੈਂ ਅਗਨੀ ਬਾਣਾਂ ਵਿਚ ਸ਼ਿਅਰਾਂ ਨੂੰ ਢਾਲਾਂ।

ਔੜਾਂ ਦੀ ਰੁੱਤ ਬਦਲਣ ਖਾਤਿਰ ਉਠੀਏ ਵਾਂਗ ਘਟਾਵਾਂ,
ਫਿਕਰਾਂ ਦੀ ਲੂ ਨਾ ਝੁਲਸਾਵੇ, ਮੁੜਕੇ ਹਰੀਆਂ ਡਾਲਾਂ।

ਮੈਂ ਕੱਲਾ ਜੇ ਜਲ ਵੀ ਜਾਵਾਂ ਮਿੱਟਣਾ ਨਹੀਂ ਹਨੇਰਾ,
ਏਸੇ ਲਈ ਮੈਂ ਆਪਣੇ ਵਰਗੇ ਨਿੱਤ ਸੈ ਦੀਵੇ ਬਾਲਾਂ।

ਕੋਠੇ ਚੜ੍ਹ ਕੇ ਕੂਕ ਰਿਹਾ ਹਾਂ ਆਵੋ ਕੱਠੇ ਹੋਈਏ,
ਵੈਰੀ ਦੀ ਖੁੰਬ ਰਲ ਕੇ ਠਪੀਏ ਖੇਡ ਰਿਹਾ ਜੋ ਚਾਲਾਂ।

□

ਰੁੱਤ ਲੰਘ ਜਾਵੇ ਨਾ ਇਹ ਐਵੇਂ ਸ਼ਬਾਬ ਦੀ।
ਆਓ ਕਿਸਮਤ ਬਦਲੀਏ ਰਾਵੀ ਚਨਾਬ ਦੀ।

ਰੱਤ ਪਾ ਕੇ ਸਿੰਜੀਏ ਉਹਨਾਂ ਦੀ ਬਾਗ਼ ਨੂੰ,
ਰੰਗਤ ਚੁਰਾ ਜੋ ਲੈ ਗਏ ਸਾਡੇ ਗੁਲਾਬ ਦੀ।

ਚੋਰੀ ਦਾ ਛੁਪ ਕਿੰਨਾਂ ਕੁ ਚਿਰ ਪੀਵੋਗੇ ਸ਼ੇਖ ਜੀ,
ਫਸ ਗਏ ਪੁਛਾਂਗੇ ਤਦ ਹਾਲਤ ਜਨਾਬ ਦੀ।

ਪੰਡ ਕਿੰਝ ਜ਼ੁਲਮਾਂ ਦੀ ਚੁੱਕ ਨਸੋਗੇ ਜ਼ਾਲਮੋਂ,
ਆ ਗਈ ਜਦ ਵੀ ਘੜੀ ਅਸਲੀ ਹਿਸਾਬ ਦੀ।

ਕਿਥੇ ਲੁਕੋਗੇ ਹੁਣ ਬਈਮਾਨੋਂ ਲੁਟੇਰਿਓ,
ਛਡਣੀ ਨਹੀਂ ਇਕ ਲੀਰ ਵੀ ਲੋਕਾਂ ਨਕਾਬ ਦੀ।

ਜਾਮ ਭਰਿਆ ਹੋਏਗਾ ਸਭਨਾਂ ਦਾ ਉਸ ਸਮੇਂ,
ਜੰਮੇਗੀ ਮਹਿਫਲ ਜਦੋਂ ਵੀ ਸਾਡੀ ਸ਼ਰਾਬ ਦੀ।

ਗੀਤ ਜਿਸ ਦਿਨ ਗਾਣਗੇ ਪੰਛੀ ਬਹਾਰ ਦੇ,
ਫੈਲੇਗੀ ਖੁਸ਼ਬੂ ਹਰ ਤਰਫ ਸੂਹੇ ਗੁਲਾਬ ਦੀ।

ਚੀਰ ਕੇ ਮੱਸਿਆ ਨੂੰ ਵੇਖਣਗੇ ਓਹੀ ਸਰਘੀ ਦੀ ਲੋਅ,
ਸਮਝਣਗੇ ਅਸਲ ਗਲ ਜੋ ਸੂਹੀ ਕਿਤਾਬ ਦੀ।

ਤੁਸੀਂ ਵਾਪਸ ਤਾਂ ਆਓਗੇ, ਉਦੋਂ ਪਰ ਮੈਂ ਨਹੀਂ ਹੋਣਾ।
ਬੜਾ ਰੋ ਰੋ ਬੁਲਾਓਗੇ, ਉਦੋਂ ਪਰ ਮੈਂ ਨਹੀਂ ਹੋਣਾ।

ਹਨੇਰੇ ਨੂੰ ਮਿਟਾਵਣ ਲਈ, ਮੈਂ ਆਪਾ ਹਾਂ ਮਿਟਾ ਚਲਿਆ
ਤੁਸੀਂ ਦੀਵੇ ਜਗਾਓਗੇ, ਉਦੋਂ ਪਰ ਮੈਂ ਨਹੀਂ ਹੋਣਾ।

ਤੁਹਾਡਾ ਹਰ ਜਸ਼ਨ ਹੀ, ਬਣ ਕੇ ਮੈਂ ਤਸਵੀਰ ਵੇਖਾਂਗਾ
ਤੁਸੀਂ ਸਭ ਹਾਰ ਪਾਓਗੇ, ਉਦੋਂ ਪਰ ਮੈਂ ਨਹੀਂ ਹੋਣਾ।

ਬੜੀ ਹੀ ਬੇਰੁਖੀ ਵਰਤੀ, ਬਿਗਾਨਾ ਸਮਝਿਆ ਮੈਨੂੰ
ਜਦੋਂ ਆਪਣਾ ਬਣਾਓਗੇ, ਉਦੋਂ ਪਰ ਮੈਂ ਨਹੀਂ ਹੋਣਾ।

ਤਮੰਨਾ ਸੀ ਮੇਰੇ ਦਿਲ ਦੀ, ਮੇਰਾ ਇਕ ਗੀਤ ਸੁਣ ਲੈਂਦੇ
ਮਿਰੇ ਜਦ ਗੀਤ ਗਾਓਗੇ, ਉਦੋਂ ਪਰ ਮੈਂ ਨਹੀਂ ਹੋਣਾ।

□

ਕਰਦੇ ਨੇ ਜੋ ਕਰਦਾਂ ਦੀ ਗਲ।
ਕਦ ਸੁਣਦੇ ਉਹ ਦਰਦਾਂ ਦੀ ਗਲ।

ਬਾਬੂ ਅਫ਼ਸਰ ਕਰਦੇ ਮਿਲ ਕੇ,
ਔਰਤ ਰਿਸ਼ਵਤ ਫ਼ਰਦਾਂ ਦੀ ਗਲ।

ਚੋਣਾਂ ਦੇ ਵਿਚ ਨੇਤਾ ਵੇਚਣ,
ਲਾਚਾਰਾਂ ਦੇ ਦਰਦਾਂ ਦੀ ਗਲ।

ਝੂਠ ਹਰਾਏ ਸੱਚ ਨੂੰ ਕਿੱਦਾਂ
ਦੌਲਤ ਵਾਲੀਆਂ ਨਰਦਾਂ ਦੀ ਗਲ।

ਜਾਬਰ ਦੇ ਸੰਗ ਲੋਹਾ ਲੈਣਾ
ਬੰਦਿਆਂ ਦੀ ਗਲ, ਮਰਦਾਂ ਦੀ ਗਲ।

ਮੌਸਮ ਦੇ ਹਰ ਕਹਿਰ ਨੂੰ ਦੱਸੇ
ਟੁੱਟਿਆਂ ਪੱਤਿਆਂ ਜ਼ਰਦਾਂ ਦੀ ਗਲ।

ਆਖਿਰ ਅੰਬਰ ਨਿੱਖਰ ਜਾਣੈਂ
ਮੁਕ ਜਾਣੀਂ ਏਂ ਗਰਦਾਂ ਦੀ ਗਲ।

□

ਧੰਨਵਾਨਾਂ ਦੇ ਸੋਹਲੇ ਗਾਉਂਦੇ ਕੁਝ ਸ਼ਾਇਰ।
ਕਵਿਤਾ ਤੋਂ ਪੇਸ਼ਾ ਕਰਵਾਉਂਦੇ ਕੁਝ ਸ਼ਾਇਰ।

ਕਵਿਤਾ ਹੁੰਦੀ ਧੀ, ਮਹਿਬੂਬ ਜਾਂ ਮਾਂ ਵਰਗੀ
ਉਸ ਨੂੰ ਵੇਚ ਕੇ ਜਸ਼ਨ ਮਨਾਉਂਦੇ ਕੁਝ ਸ਼ਾਇਰ।

ਸੇਵਾ ਜੇ ਕੋਈ ਕਰੇ ਤਾਂ ਕਵਿਤਾ ਲਿਖ ਦੇਂਦੇ
ਧੰਦਾ ਆਪਣਾ ਖ਼ੂਬ ਚਲਾਉਂਦੇ ਕੁਝ ਸ਼ਾਇਰ।

ਦਾਰੂ ਮੁਰਗਾ ਪੈਸੇ ਜਿਸ ਤੋਂ ਮਿਲ ਜਾਵਣ
ਉਸੇ ਅੱਗੇ ਸੀਸ ਨਿਵਾਉਂਦੇ ਕੁਝ ਸ਼ਾਇਰ।

ਅਪਰਾਧੀ ਬਈਮਾਨ ਸਿਆਸਤਦਾਨਾਂ ਦੇ
ਈਨਾਮਾਂ ਲਈ ਗੇੜੇ ਲਾਉਂਦੇ ਕੁਝ ਸ਼ਾਇਰ।

ਰੱਜ ਕੇ ਨਿੰਦਿਆ ਚੁਗਲੀ ਕਰਦੇ ਪਿੱਠ ਪਿੱਛੇ
ਮੂੰਹ ਉੱਤੇ ਨੇ ਪਰ ਵਡਿਆਉਂਦੇ ਕੁਝ ਸ਼ਾਇਰ।

## ਕੁਝ ਸ਼ਿਅਰ

ਸੋਚ ਕੇ ਕਿੱਸਾ ਖ਼ਤਮ ਤੂੰ ਤਾਂ ਚਲੀ ਗਈ
ਪਰ ਅਸੀਂ ਤਾਂ ਉਮਰ ਭਰ ਦਾ ਰੋਗ ਲਾ ਲਿਆ।

.........

ਤੇਰੇ ਪਾਸ ਆ ਕੇ ਇਉਂ ਜਾਪਦਾ ਹੈ
ਜਿਵੇਂ ਆਪਣੀ ਮੰਜ਼ਿਲ ਨੂੰ ਮੈਂ ਪਾ ਲਿਆ ਹੈ।

.........

ਤੂੰ ਤਾਂ ਬੂਟਾ ਇਸ਼ਕ ਦਾ ਲਾ ਕੇ ਚਲੀ ਗਈ
ਹੰਝੂਆਂ ਦਾ ਪਾਣੀ ਉਮਰ ਭਰ ਸਾਨੂੰ ਤੇ ਪਾਣਾ ਪੈ ਗਿਆ।

.........

ਇਕ ਤੂੰ ਹੈਂ ਕਿ ਸਾਨੂੰ ਅਸਲੋਂ ਦਿੱਤਾ ਵਿਸਾਰ ਹੈ
ਸਾਥੋਂ ਤਾਂ ਤੇਰੀ ਯਾਦ ਵੀ ਵਿਸਾਰੀ ਨਹੀਂ ਗਈ।

.........

ਹੋਰ ਤਾਂ ਦੁਨੀਆਂ 'ਚ ਕੁਝ ਮੁਸ਼ਕਿਲ ਨਾ ਜਾਪਿਆ
ਪਰ ਪਿਆਰ ਦਾ ਇਜ਼ਹਾਰ ਨਾ ਪਿਆਰੇ ਨੂੰ ਕਰ ਸਕੇ।

.........

ਚੰਨ ਤੇ ਪੁੱਜਣਾ ਤਾਂ ਸੌਖਾ ਹੋ ਗਿਆ
ਪਰ ਤੇਰਾ ਮਿਲਣਾ ਅਜੇ ਸੌਖਾ ਨਹੀਂ।

.........

ਕੀ ਹੋਇਆ ਰੁੱਖ ਬਦਲ ਦਿਤਾ ਜੇ ਸਮੇਂ ਦੇ ਗੇੜ ਨੇ
ਦਿਨ ਰਾਤ ਤੁਰਦਾ ਜਾ ਰਿਹਾ ਹਾਂ ਫਿਰ ਮਿਲਣ ਦੀ ਆਸ ਤੇ।

.........

ਕਿੰਨੇ ਅਜਬ ਨੇ ਯਾਰ ਦੇ ਇਹ ਕੇਸ ਕਾਲੜੇ
ਹਰ ਵਾਲ 'ਚੋਂ ਹੈ ਡਲਕਦੀ ਸੂਰਜ ਦੀ ਰੌਸ਼ਨੀ।

.........

ਚਲੇ ਜਾਣ ਪਿਛੋਂ ਜਵਾਨੀ ਸਤਾਏ
ਬੁਢਾਪਾ ਸਤਾਏ ਸਦਾ ਪਾਸ ਰਹਿ ਕੇ।

.........

ਜਵਾਨੀ ਚਾਰ ਦਿਨ ਦੀ ਹੈ ਨਾ ਇਸ ਰੋਕੇ ਤੇ ਰੁਕਣਾ ਹੈ
ਬੁਢਾਪਾ ਆ ਗਿਆ ਜਦ ਵੀ ਨਹੀਂ ਇਸ ਨੇ ਕਦੀ ਜਾਣਾ।

.........

ਰਿਸ਼ਤਿਆਂ ਦੀ ਭੀੜ ਤਾਂ ਹੈ ਪਰ ਕੋਈ ਆਪਣਾ ਨਹੀਂ
ਇਸ ਭਰੀ ਦੁਨੀਆਂ 'ਚ ਮੇਰੇ ਵਾਂਗ ਕੋਈ ਸੱਖਣਾ ਨਹੀਂ।

.........

ਜੰਗ ਨਾ ਹੋਵੇ ਕਿਤੇ, ਹੋਣ ਨਾ ਦੰਗੇ ਕਿਤੇ
ਪਿਆਰ ਜੇ ਹੋਵੇ ਧਰਮ ਪਿਆਰ ਜੇ ਹੋਵੇ ਖੁਦਾ।

.........

ਕੁਝ ਖਾ ਲਿਆ ਅਸਾਨੂੰ ਤੇਜ਼ ਰੌਸ਼ਨੀਂ ਨੇ
ਕੁਝ ਖਾ ਲਿਆ ਅਸਾਨੂੰ ਵਹਿਸ਼ੀ ਹਨੇਰਿਆਂ ਨੇ।

.........

ਐਂਵੇਂ ਨਾ ਝੂਰ ਅੰਦਰ ਕਰ ਕੇ ਤੂੰ ਬੰਦ ਬੂਹਾ
ਉੱਠ ਵੇਖ ਬਾਹਰ ਖਿੜਿਆ ਕਿੰਨਾਂ ਗੁਲਾਬ ਸੂਹਾ।

ਉਂਝ ਤਾਂ ਤੇਰੀਆਂ ਕਵਿਤਾਂਵਾ ਤੇ ਗ਼ਜ਼ਲਾਂ ਦੀ ਪੱਧਰ ਵੀ ਚੰਗੀ ਹੈ, ਪਰ ਗੀਤਾਂ ਦਾ ਜਵਾਬ ਨਹੀਂ। ਅੱਜ ਕਲ੍ਹ ਤੁਹਾਡਾ ਇਕ ਗੀਤ ਗ਼ਮ ਗਲ਼ਤ ਕਰਨ ਲਈ ਪੜ੍ਹਦਾ ਰਹਿੰਦਾ ਹਾਂ

ਗਿਆ ਦਿਨ ਢਲੀ ਸ਼ਾਮ ਮੁੜ ਰਾਤ ਪੈ ਗਈ
ਭਰਨ ਆਇਓਂ ਨਾ ਹੁੰਗਾਰਾ ਸਾਡੀ ਬਾਤ ਪੈ ਗਈ।

10.6.76 –ਪ੍ਰੋ.ਮੋਹਨ ਸਿੰਘ

ਕੁਲਵੰਤ ਦੇ ਸ਼ਿਅਰ ਗ਼ਜ਼ਲਾਂ ਗਾਉਂਦੇ ਹਨ, ਆਪ ਤੜਪਦੇ ਤੇ ਪਾਠਕਾਂ ਨੂੰ ਤੜਪਾਉਂਦੇ ਹਨ। ਉਸ ਦੀ ਗ਼ਜ਼ਲ ਕੇਵਲ ਹੁਸਨ ਇਸ਼ਕ ਦੀ ਗੱਲ ਨਹੀਂ ਕਰਦੀ। ਉਹ ਅਮਲ ਲਈ ਵੀ ਪ੍ਰੇਰਦੀ ਹੈ। ਕੁਲਵੰਤ ਨੇ ਗ਼ਜ਼ਲ ਵਿਚ ਪ੍ਰਕਿਰਤੀ ਚਿਤ੍ਰਨ ਤੇ ਪਾਤਰ ਚਿਤ੍ਰਨ ਦਾ ਕਮਾਲ ਵੀ ਕਲਾਤਮਿਕ ਰੰਗ ਨਾਲ ਭਰਿਆ ਹੈ"

**- ਡਾ. ਜੀਤ ਸਿੰਘ ਸੀਤਲ**

ਕੁਲਵੰਤ ਜਗਰਾਉਂ ਇਕ ਪਰਿਪੱਕ ਗ਼ਜ਼ਲਗੋ ਹੈ। ਉਸ ਦੇ ਬੋਲਾਂ ਵਿਚ ਆਸ਼ਾਵਾਦੀ ਸੁਰ ਹੈ ਤੇ ਸ਼ਬਦਾਂ ਵਿਚ ਜਾਦੂਗਰੀ ਹੈ। ਉਸ ਦੀ ਕਵਿਤਾ ਵਿਚ ਰਵਾਨੀ ਲੈਅ ਤੇ ਪੰਜਾਬੀ ਮੁਹਾਵਰਾ ਉਸ ਦੀ ਉੱਘੀ ਵਿਸ਼ੇਸ਼ਤਾ ਹੈ।

**- ਡਾ. ਧਰਮ ਪਾਲ ਸਿੰਗਲ**

ਕੁਲਵੰਤ ਆਖਦਾ ਹੈ :-

–ਹਿੰਸਾ ਵਿਚ ਸ਼ਾਇਰੀ, ਪਿਆਰ ਤੇ ਸਮੇਂ ਦੀ ਸਭਿਅਤਾ ਕਤਲ ਹੁੰਦੀ ਹੈ। ਤਰੱਕੀ, ਖੁਸ਼ੀ ਤੇ ਮਨੁੱਖੀ ਸਾਂਝ ਕਬਰੀਂ ਪੈਂਦੀਆਂ ਹਨ।

–ਉਸਦੀ ਲੰਮੀ ਹੂਕ ਅਣਹੋਈ ਮੌਤ ਦਾ ਰਾਹ ਰੋਕਦੀ ਹੈ।

–ਉਸਦੀ ਕਵਿਤਾ ਜ਼ਿੰਦਗੀ ਦੇ ਗੀਤ ਗਾਉਂਦੀ ਹੈ। ਜ਼ਿੰਦਗੀ ਤੋਂ ਉਖੜੇ ਮਨੁੱਖ ਨੂੰ ਜ਼ਿੰਦਗੀ ਦਾ ਹਾਣੀ ਬਣਾ ਕੇ ਉਸ ਨੂੰ ਬੱਚਿਆਂ, ਫੁੱਲਾਂ ਅਤੇ ਕਣਕਾਂ ਦੇ ਖੇਤਾਂ ਵਿਚ ਭੰਗੜੇ ਪਾਉਣ ਲਈ ਪ੍ਰੇਰਦੀ ਹੈ।

ਸੁਚੇਤ ਕਵੀ ਮਨੁੱਖ ਦੇ ਦਰਦ ਨੂੰ ਪਿਆਰ ਬਣਾ ਕੇ ਉਸ ਦੀ ਨਿਰਾਸ਼ਾ ਤੇ ਹਾਰ ਨੂੰ ਚੜ੍ਹਦੀ ਕਲਾ ਦੀ ਜਿੱਤ ਬਖਸ਼ਦਾ ਹੈ। ਕੁਲਵੰਤ ਆਪਣੇ ਫਰਜ਼ ਤੇ ਮਨੁੱਖੀ ਕਰਜ਼ ਨੂੰ ਈਮਾਨਦਾਰੀ ਨਾਲ ਕਿਸ਼ਤ-ਦਰ-ਕਿਸ਼ਤ ਉਤਾਰ ਰਿਹਾ ਹੈ।

**-ਜਸਵੰਤ ਸਿੰਘ ਕੰਵਲ**

ਕੁਲਵੰਤ ਜਗਰਾਉਂ ਦੀ ਕਾਵਿ-ਸਿਰਜਣਾ ਦੇ ਦੋ ਪਹਿਲੂ ਪ੍ਰਮੁੱਖ ਹਨ। ਇਕ ਤਾਂ ਇਹ ਹੈ ਕਿ ਉਸ ਦੀ ਸ਼ਾਇਰੀ ਦੀ ਤਹਿ ਵਿਚ ਵੇਦਨਾ ਦਾ ਇਕ ਤੀਖਣ ਜਜ਼ਬਾ ਮੌਜੂਦ ਰਹਿੰਦਾ ਹੈ, ਇਹ ਭਾਵੇਂ ਮਾਂ ਦੇ ਵਤਸਲ ਪਿਆਰ ਦੀ ਵੇਦਨਾ ਹੈ। ਜ਼ਾਂ ਜਨਮ ਭੂਮੀ ਪੰਜਾਬ ਦੀ ਵੇਦਨਾ ਹੈ ਅਤੇ ਜਾਂ ਫਿਰ ਵਿਜੋਗੀ ਰੂਹ ਦੀ ਵੇਦਨਾ ਹੈ। ਇਹੀ ਵਜਾ ਹੈ ਕਿ ਕੁਲਵੰਤ ਦੀ ਕਵਿਤਾ ਵਿਚ ਕੁੜੱਤਣ ਨਹੀਂ, ਨਾ ਹੀ ਤਲਖ਼ੀ ਹੈ, ਸਗੋਂ ਉਸਦੇ ਤਲਖ਼ ਜਜ਼ਬਿਆਂ ਵਿਚ ਟਿਕਾਉ ਤੇ ਠਹਿਰਾਉ ਹੈ। ਸੁਹਜ-ਕਲਾ ਉਸ ਦੀ ਰਚਨਾ ਦੀ ਸੇਧ ਤੇ ਸ਼ਨਾਖਤ ਹੈ।

ਦੂਜਾ ਪਹਿਲੂ ਇਹ ਹੈ ਕਿ ਕੁਲਵੰਤ ਦੀ ਕਵਿਤਾ ਵਿਚ ਹਰ ਵਿਧਾ ਤੇ ਹਰ ਵਿਧਾਨ ਵਿਚ ਸੁਰ ਤੇ ਤਰੁਨਮ ਰੁਮਕਦਾ ਰਹਿੰਦਾ ਹੈ। ਕੁਲਵੰਤ ਇਕ ਸੁਰ-ਬੁੱਧ ਸੁਰੀਲਾ ਸ਼ਾਇਰ ਹੈ। ਗੀਤ ਤਾਹੀਉਂ ਗੀਤ ਹਨ, ਜੇਕਰ ਉਨ੍ਹਾਂ ਦੇ ਸੰਗਠਨ ਵਿਚ ਸੁਰ-ਸੰਗੀਤ ਹੋਵੇ, ਗ਼ਜ਼ਲਾਂ ਵੀ ਤਾਹੀਉਂ ਗ਼ਜ਼ਲਾਂ ਹਨ, ਜੇਕਰ ਇਨ੍ਹਾਂ ਦਾ ਭਾਵ ਪ੍ਰਬੰਧ ਬਾਵਜ਼ਨ ਹੋਵੇ, ਕਿਉਂ ਕਿ ਤੋਲ ਤੇ ਤੁਕਾਂਤ (ਕਾਫੀਆ ਰਦੀਫ) ਗ਼ਜ਼ਲਾਂ ਦਾ ਪ੍ਰਾਣ ਬਿੰਦੂ ਹੈ। ਕੁਲਵੰਤ ਦੀ ਖੁੱਲੀ ਕਵਿਤਾ ਵਿਚ ਵੀ ਇਕ ਵਹਾਉ ਹੈ, ਇਕ ਰਵਾਨੀ ਹੈ, ਵੇਗ ਹੈ ਅਤੇ ਵਜ਼ਨ ਹੈ। ਇਸੇ ਕਰਕੇ ਕੁਲਵੰਤ ਦੀ ਛੰਦ-ਮੁਕਤ ਕਵਿਤਾ ਵੀ ਬਾਵਜ਼ਨ ਹੈ।

**-ਡਾ. ਪ੍ਰੇਮ ਪ੍ਰਕਾਸ਼ ਸਿੰਘ**

ਕੁਲਵੰਤ ਜਗਰਾਉਂ ਲੋਕ ਕਵੀ ਹੈ, ਭਾਵੇਂ ਉਹ ਨਜ਼ਮ ਲਿਖ ਰਿਹਾ ਹੋਵੇ, ਭਾਵੇਂ ਗ਼ਜ਼ਲ ਤੇ ਭਾਵੇਂ ਗੀਤ ਉਸ ਦੀ ਪ੍ਰਤਿਬੱਧਤਾ ਲੋਕਾਂ ਦੀਆਂ ਸਮੱਸਿਆਵਾਂ ਤੇ ਯਥਾਰਥਵਾਦ ਨੂੰ ਬਿੰਬਤ ਕਰਨ ਨਾਲ ਹੈ। ਉਹ ਨਾ ਹੀ ਪਾਖੰਡੀ ਸਾਹਿਤਕਾਰਾਂ ਨੂੰ ਮੁਆਫ਼ ਕਰਦਾ ਹੈ ਤੇ ਨਾ ਹੀ ਉਨ੍ਹਾਂ ਨੇਤਾਵਾਂ ਨੂੰ ਜੋ ਲੋਕਾਂ ਨਾਲ ਸੁਹਿਰਦ ਨਹੀਂ। ਉਹ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਪ੍ਰਗਟਾਉਂਦਿਆਂ ਉਨ੍ਹਾਂ 'ਤੇ ਵੀ ਕਟਾਕਸ਼ ਕਰਦਾ ਹੈ ਜੋ ਉਤੋਂ ਪ੍ਰਗਤੀਸ਼ੀਲ ਹੋਣ ਦਾ ਦਿਖਾਵਾ ਕਰਦੇ ਹਨ, ਪਰ ਅੰਦਰੋਂ ਉਨ੍ਹਾਂ ਦੀਆਂ ਕੀਮਤਾਂ ਤੇ ਵਿਹਾਰ ਨਹੀਂ ਬਦਲਦੇ। ਇਉਂ ਉਹ ਨਿਰੋਲ ਸੱਚ ਨਾਲ ਜੁੜਦਾ ਹੈ। ਇਸੇ ਲਈ ਭਾਸ਼ਾ ਵੀ ਸਿੱਧੀ ਤੇ ਸਪੱਸ਼ਟ ਵਰਤਦਾ ਹੈ, ਉਹ ਗੱਲ ਨੂੰ ਨਾ ਹੀ ਲੁਕਾਉਂਦਾ ਹੈ, ਨਾ ਹੀ ਅਲੰਕਾਰਾਂ ਜਾਂ ਅਸਪਸ਼ਟ ਪ੍ਰਤੀਕਾਂ ਵਿਚ ਕੈਦ ਕਰਦਾ ਹੈ। ਬੇਲੋੜੀ ਬੌਧਿਕਤਾ ਦਾ ਉਹ ਵਿਰੋਧੀ ਹੈ। ਕਵਿਤਾ ਵਿਚ ਬਹੁਤ ਥਾਂ ਛੰਦਾ ਬੰਦੀ ਤੇ ਰਿਦਮ ਦਾ ਉਹ ਕਾਇਲ ਹੈ। ਇਹ ਗੱਲ ਉਸਨੂੰ ਲੋਕ ਕਵਿਤਾ ਦੇ ਹੋਰ ਨੇੜੇ ਲਿਜਾਂਦੀ ਹੈ। ਉਹ ਕਾਵਿ-ਸੰਸਾਰ ਵੱਲੋਂ ਬਹੁਤ ਚੇਤੰਨ ਹੈ ਤੇ ਕਾਵਿ ਭਾਸ਼ਾ ਦਾ ਨਿਰਣਾ ਵੀ ਇਸੇ ਸਮੁੱਚੀ ਚੇਤਨਾ ਨਾਲ ਕਰਦਾ ਹੈ।

**- ਸੁਤਿੰਦਰ ਸਿੰਘ ਨੂਰ**

ਕੁਲਵੰਤ ਜਗਰਾਉਂ ਅਹਿਸਾਸ ਭਰੇ ਦਿਲ ਵਾਲਾ, ਜਾਗਦੀ ਜ਼ਮੀਰ ਵਾਲਾ, ਮਿੱਠ-ਬੋਲੜਾ, ਨਿਮਰ ਸਾਊ ਇਨਸਾਨ ਹੈ। ਉਸ ਵਾਂਗ ਹੀ ਉਸਦੀ ਸ਼ਾਇਰੀ ਸੁਘਣ ਸਿਆਣੇ ਵਿਚਾਰਾਂ ਤੇ ਨਿੱਘੇ ਮਾਨਵਵਾਦੀ ਭਾਵਾਂ ਨਾਲ ਭਰੀ ਹੋਈ ਹੈ। ਉਸਦੀ ਸ਼ਾਇਰੀ ਦੀ ਵਿਲੱਖਣਤਾ ਇਹ ਹੈ ਕਿ ਲਾਂਬੂ ਵਾਂਗ ਭੜਕ ਕੇ ਲਟ ਲਟ ਨਹੀਂ ਮਚਦੀ, ਨਾ ਹੀ ਗਿੱਲੀ ਲੱਕੜ ਵਾਂਗ ਧੁਖ਼ ਕੇ ਧੂੰਆਂ ਰੌਣੀ ਕਰਦੀ ਹੈ, ਇਹ ਤਾਂ ਇਕ ਚਿਰਾਗ਼ ਵਾਂਗ ਜਗਦੀ ਹੈ, ਚੁੱਪ-ਚੁੱਪ, ਹਲੀਮ, ਮੋਹ-ਭਰੀ, ਨਿਰਛਲ। ਸਭ ਕੁਝ ਨੂੰ ਦੇਖਦੀ, ਨਿਹਾਰਦੀ, ਮੰਦ-ਮੰਦ ਮੁਸਕਰਾਉਂਦੀ।

ਕੁਲਵੰਤ ਜਗਰਾਉਂ ਦੀ ਹੁਣ ਤੱਕ ਦੀ ਸਾਰੀ ਸ਼ਾਇਰੀ ਨੂੰ ਇਕ ਥਾਂ ਪੜ੍ਹ ਕੇ ਮੈਂ ਮਹਿਸੂਸ ਕੀਤਾ ਹੈ ਕਿ ਉਸ ਦੀ ਸ਼ਾਇਰੀ ਨੇ ਇਕ ਲੰਬਾ, ਨਿਰੰਤਰ ਤੇ ਮਾਣਯੋਗ ਸਫ਼ਰ ਕੀਤਾ ਹੈ। ਇਸ ਸਫ਼ਰ ਵਿਚ ਉਸਦੀ ਜ਼ਿੰਦਗੀ ਤੇ ਉਸ ਦੀ ਸ਼ਾਇਰੀ ਇਕ ਦੂਜੇ ਦੇ ਅੰਗ ਸੰਗ ਰਹੀਆਂ ਹਨ। ਦੋਹਾਂ ਨੇ ਇਕ ਦੂਜੀ ਨੂੰ ਸੰਭਾਲਿਆ ਤੇ ਸੰਵਾਰਿਆ ਹੈ। ਇਕ ਸੱਚੇ ਸ਼ਾਇਰ ਵਾਂਗ ਉਸ ਨੇ ਇਨ੍ਹਾਂ ਦੋਹਾਂ ਨੂੰ ਇਕ ਸੁਰ ਰੱਖਿਆ ਹੈ, ਇਸ ਲਈ ਉਹ ਸਿਰਫ਼ ਸ਼ਾਇਰੀ ਵਿਚ ਹੀ ਸ਼ਾਇਰ ਨਹੀਂ, ਜ਼ਿੰਦਗੀ ਵਿਚ ਵੀ ਸ਼ਾਇਰ ਹੈ।

ਉਸ ਦੇ ਅਨੇਕ ਸ਼ਿਅਰ ਜ਼ਿੰਦਗੀ ਦੇ ਹਨ੍ਹੇਰੇ ਰਾਹ ਵਿਚ ਸਾਨੂੰ ਲੋਅ ਦੇਣ ਦੇ ਸਮਰੱਥ ਹਨ। ਹਾਰ ਕੇ ਡਿੱਗਿਆਂ ਨੂੰ ਉਠਾਉਣ 'ਤੇ ਸਾਡੇ ਮਨਾਂ ਵਿਚ ਜ਼ਹਿਰ ਦੀ ਥਾਂ ਅੰਮ੍ਰਿਤ ਭਰਨ ਦੇ ਸਮਰੱਥ ਹਨ।

ਕੁਲਵੰਤ ਜਗਰਾਉਂ ਨੂੰ ਇਸ ਮਾਣਯੋਗ ਪ੍ਰਾਪਤੀ ਲਈ ਬਹੁਤ ਬਹੁਤ ਮੁਬਾਰਕਬਾਦ।

- ਸੁਰਜੀਤ ਪਾਤਰ

Kulwant Jagraon believes that the impact of art lies in truth and its vivid depiction. He takes recourse to images as images are carriers of the concept. Besides, it is imagery that makes a work of art artistic. There was an important phase in his life when he was under the influence of prograssive writers, He wanted to change the scheme of things so as to usher in a better tomorrow. The big hiatus between the haves and the have-nots was as irritant to his thoughtful mind. He searched for the silver lining in the dark clouds that surrounded the lives of the common people.

He is known for his message of love, peace and friendship across the world. He ridicules the attemps to strenghten the barricades, when the wall of Berlin has been desmantled after so many years. He knows that the countries have been demarcated in bold lines on the maps but the hearts need not entertain deep furrows of hatred on their surface.

**- Prof. N.S. Tasneem**